## ਅਧਿਆਇ 11

# ਨਿਹਚਾ ਦੁਆਰਾ ਧਰਮੀ ਠਹਿਰਾਏ ਜਾਣਾ ਪਰਮੇਸ਼ੁਰ ਦੀ ਵਿਸ਼ਵਾਸਯੋਗਤਾ ਨਾਲ ਮੇਲ

ਅਧਿਆਇ 10 ਵਿੱਚ, ਪੌਲੁਸ ਨੇ ਜ਼ਿਆਦਾਤਰ ਯਹੂਦੀਆਂ ਦੀ ਆਤਮਕ ਦਸ਼ਾ ਬਾਰੇ ਖੁੱਲ੍ਹ ਕੇ ਗੱਲ ਕੀਤੀ। ਆਇਤ 1 ਅਤੇ 2 ਵਿੱਚ ਉਸ ਨੇ ਆਖਿਆ, "ਹੇ ਭਰਾਵੋ, ਮੇਰੇ ਮਨ ਦੀ ਚਾਹ ਅਤੇ ਮੇਰੀ ਬੇਨਤੀ ਪਰਮੇਸ਼ੁਰ ਦੇ ਅੱਗੇ ਓਹਨਾਂ ਦੀ ਮੁਕਤੀ ਲਈ ਹੈ। ਮੈਂ ਉਨ੍ਹਾਂ ਦੀ ਸਾਖੀ ਭੀ ਭਰਦਾ ਹਾਂ ਭਈ ਓਹਨਾਂ ਨੂੰ ਪਰਮੇਸ਼ੁਰ ਲਈ ਅਣਖ ਤਾਂ ਹੈ ਪਰ ਸਮਝ ਨਾਲ ਨਹੀਂ।" ਉਸ ਨੇ ਜ਼ੋਰ ਦਿੱਤਾ ਕਿ "ਜੇ ਤੂੰ ਆਪਣੇ ਮੂੰਹ ਨਾਲ ਪ੍ਰਭੁ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ" (10:9)। ਪਰ ਬਹੁਤੇ ਯਹੂਦੀਆਂ ਨੇ ਯਿਸੂ 'ਤੇ ਵਿਸ਼ਵਾਸ *ਨਹੀਂ* ਕੀਤਾ ਅਤੇ ਉਸ ਦਾ ਇਕਰਾਰ ਕਰਨ ਤੋਂ ਵੀ ਮਨ੍ਹਾ ਕਰ ਦਿੱਤਾ। ਇਹ ਅਧਿਆਇ ਯਸਾਯਾਹ ਤੋਂ ਲਏ ਗਏ ਇੱਕ ਵਾਕ ਦੇ ਨਾਲ ਸਮਾਪਤ ਹੁੰਦਾ ਹੈ ਅਤੇ ਯਹੂਦੀਆਂ ਨੂੰ "ਅਣਆਗਿਆਕਾਰ ਤੇ ਹੁੱਜਤੀ ਪਰਜਾ" (10:21) ਆਖਦਾ ਹੈ। ਕੀ ਪੌਲੁਸ ਆਖ ਰਿਹਾ ਸੀ ਕਿ ਪਰਮੇਸ਼ੁਰ ਨੇ ਯਹੂਦੀਆਂ ਨੂੰ ਤਿਆਗ ਦਿੱਤਾ ਹੈ, ਕਿ ਹੁਣ ਉਸ ਦੀ ਉਨ੍ਹਾਂ ਲੋਕਾਂ ਵਿੱਚ ਕੋਈ ਦਿਲਚਸਪੀ ਨਹੀਂ ਸੀ ਜਿਹੜੇ ਕਿਸੇ ਸਮੇਂ ਉਸ ਦੇ ਨੇਮ ਦੀ ਪਰਜਾ ਸਨ? ਇਸ ਪ੍ਰਸ਼ਨ ਦਾ ਜਵਾਬ ਅਧਿਆਇ 11 ਵਿੱਚ ਦਿੱਤਾ ਗਿਆ ਹੈ।

ਪਰਮੇਸ਼ੁਰ ਦੀ ਚਿੰਤਾ ਦੇ ਪ੍ਰਸ਼ਨ ਦਾ ਪ੍ਰਭਾਵ ਉਨ੍ਹਾਂ ਹਾਲਾਤ ਤੋਂ ਕਿਤੇ ਦੂਰ ਤੱਕ ਹੈ, ਜਿਨ੍ਹਾਂ ਬਾਰੇ ਰੋਮੀਆਂ 9—11 ਵਿੱਚ ਚਰਚਾ ਕੀਤੀ ਗਈ ਹੈ। ਲੋਕ ਅਜੇ ਵੀ ਗੁਆਚੇ ਹੋਏ ਹਨ। ਕੁਝ ਲੋਕਾਂ ਵਿੱਚ ਜੋਸ਼ ਹੈ, ਪਰ ਗਿਆਨ ਦੇ ਅਨੁਸਾਰ ਨਹੀਂ ਹੈ। ਬਹੁਤ ਸਾਰੇ ਲੋਕ ਨਾ ਤਾਂ ਵਿਸ਼ਵਾਸ ਕਰਦੇ ਹਨ ਅਤੇ ਨਾ ਹੀ ਇਕਰਾਰ ਕਰਦੇ ਹਨ। ਸਾਡੇ ਪਾਪੀ ਸੰਸਾਰ ਦੀ ਦਸ਼ਾ ਦਾ ਵਰਣਨ ਕਰਨ ਲਈ "ਅਣਆਗਿਆਕਾਰ" ਅਤੇ "ਹੁੱਜਤੀ" ਅਜੇ ਵੀ ਸਹੀ ਸ਼ਬਦ ਹਨ। ਕੀ ਅੱਜ ਪਰਮੇਸ਼ੁਰ ਨੇ ਪਾਪੀਆਂ ਨੂੰ ਤਿਆਗ ਦਿੱਤਾ ਹੈ? ਕੀ ਪਰਮੇਸ਼ੁਰ ਨੇ ਤੁਹਾਡੇ ਕਿਸੇ ਮਿੱਤਰ, ਪਰਿਵਾਰ ਦੇ ਮੈਂਬਰ ਜਾਂ ਗੁਆਂਢੀ ਬਾਰੇ ਹਾਰ ਮੰਨ ਲਈ ਹੈ? ਕੀ ਪਰਮੇਸ਼ੁਰ ਨੇ *ਤੁਹਾਡੇ* ਬਾਰੇ ਹਾਰ ਮੰਨ ਲਈ ਹੈ? ਇਨ੍ਹਾਂ ਪ੍ਰਸ਼ਨਾਂ ਦੇ ਪ੍ਰਭਾਵ ਸਦੀਪਕ ਹਨ।

# ਪਰਮੇਸ਼ੁਰ ਨੇ ਯਹੂਦੀਆਂ ਨੂੰ ਰੱਦਿਆ ਨਹੀਂ (11:1-6)

**[1]ਸੋ ਮੈਂ ਆਖਦਾ ਹਾਂ, ਕੀ ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਛੱਡ ਦਿੱਤਾ? ਕਦੇ ਨਹੀਂ! ਮੈਂ ਵੀ ਤਾਂ ਇਸਰਾਏਲੀ, ਅਬਰਾਹਾਮ ਦੇ ਵੰਸ ਅਤੇ ਬਿਨਯਾਮੀਨ ਦੇ ਗੋਤ ਵਿੱਚੋਂ ਹਾਂ। [2]ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਜਿਹ ਨੂੰ ਉਸ ਨੇ ਅੱਗਿਓਂ ਹੀ ਜਾਣਿਆ ਨਹੀਂ ਛੱਡੀ। ਭਲਾ, ਤੁਸੀਂ ਨਹੀਂ ਜਾਣਦੇ ਜੋ ਧਰਮ ਪੁਸਤਕ ਏਲੀਯਾਹ ਦੀ ਕਥਾ ਵਿੱਚ ਕੀ ਕਹਿੰਦਾ ਹੈ ਭਈ ਓਹ ਪਰਮੇਸ਼ੁਰ ਦੇ ਅੱਗੇ ਇਸਰਾਏਲ ਉੱਤੇ ਕਿਸ ਤਰਾਂ ਫ਼ਰਿਯਾਦ ਕਰਦਾ ਹੈ? [3]ਕਿ ਹੇ ਪ੍ਰਭੁ, ਓਹਨਾਂ ਨੇ ਤੇਰੇ ਨਬੀਆਂ ਨੂੰ ਜਾਨੋਂ ਮਾਰ ਦਿੱਤਾ, ਤੇਰੀਆਂ ਜਗਵੇਦੀਆਂ ਢਾਹ ਸੁੱਟੀਆਂ ਅਤੇ ਮੈਂ ਹੀ ਇੱਕਲਾ ਰਹਿ ਗਿਆ ਅਤੇ ਓਹ ਮੇਰੀ ਜਾਨ ਦੇ ਮਗਰ ਲੱਗੇ ਹੋਏ ਹਨ। [4]ਪਰ ਉਹ ਨੂੰ ਕੀ ਸੁਰਗੀ ਬਾਣੀ ਮਿਲੀ? ਏਹ, ਕਿ ਮੈਂ ਆਪਣੇ ਲਈ ਸੱਤ ਹਜ਼ਾਰ ਪੁਰਖਾਂ ਨੂੰ ਰੱਖ ਛੱਡਿਆ ਹੈ ਜਿਨ੍ਹਾਂ ਬਆਲ ਦੇ ਅੱਗੇ ਗੋਡਾ ਨਹੀਂ ਟੇਕਿਆ। [5]ਇਸੇ ਤਰਾਂ ਹੁਣ ਭੀ ਕਿਰਪਾ ਦੀ ਚੋਣ ਅਨੁਸਾਰ ਇੱਕ ਬਕੀਆ ਹੈ। [6]ਪਰ ਇਹ ਜੇ ਕਿਰਪਾ ਤੋਂ ਹੋਇਆ ਤਾਂ ਫੇਰ ਕਰਨੀਆਂ ਤੋਂ ਨਹੀਂ। ਨਹੀਂ ਤਾਂ ਕਿਰਪਾ ਫੇਰ ਕਿਰਪਾ ਨਾ ਰਹੀ।**

**ਆਇਤ 1.** ਪੌਲੁਸ ਇੱਕ ਪ੍ਰਸ਼ਨ ਦੇ ਨਾਲ ਅਰੰਭ ਕਰਦਾ ਹੈ ਜਿਸ ਦੀ ਗੂੰਜ LXX ਵਿੱਚ ਜ਼ਬੂਰ 94:14 ਵਿੱਚ ਸੁਣਾਈ ਦਿੰਦੀ ਹੈ: **ਸੋ ਮੈਂ ਆਖਦਾ ਹਾਂ, ਕੀ ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਛੱਡ ਦਿੱਤਾ?** ਇਸ ਸੰਦਰਭ ਵਿੱਚ "ਆਪਣੀ ਪਰਜਾ" ਦਾ ਇਸ਼ਾਰਾ ਇਸਰਾਏਲ ਵੱਲ ਹੈ। ਪੌਲੁਸ ਦੇ ਪ੍ਰਸ਼ਨ ਤੋਂ ਬਾਅਦ ਇੱਕ ਜ਼ੋਰਦਾਰ ਜਵਾਬ ਆਉਂਦਾ ਹੈ, **ਕਦੇ ਨਹੀਂ!** ਆਇਤ 2 ਵਿੱਚ ਉਸ ਨੇ ਆਖਿਆ ਕਿ "ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਜਿਹ ਨੂੰ ਉਸ ਨੇ ਅੱਗਿਓਂ ਹੀ ਜਾਣਿਆ *ਨਹੀਂ* ਛੱਡੀ" (ਜ਼ੋਰ ਦਿੱਤਾ ਗਿਆ ਹੈ)।

ਪੌਲੁਸ ਨੇ ਪੱਕੇ ਤੌਰ 'ਤੇ ਆਖਿਆ ਪਰਮੇਸ਼ੁਰ ਨੇ ਇਸਰਾਏਲ ਨੂੰ ਠੁਕਰਾਇਆ ਨਹੀਂ ਹੈ—ਪਰ ਅਧਿਆਇ ਵਿੱਚ ਅੱਗੇ ਜਾ ਕੇ ਉਸ ਨੇ "ਆਪਣੀ ਜੱਦ" ਅਤੇ "ਓਹਨਾਂ ਦੇ ਰੱਦਣ" ਬਾਰੇ ਗੱਲ ਕੀਤੀ (11:14, 15)। ਇਹ ਦੋਹੇਂ ਗੱਲਾਂ ਆਪਸ ਵਿੱਚ ਵਿਰੋਧੀ ਜਾਪਦੀਆਂ ਹਨ: ਪਰਮੇਸ਼ੁਰ ਨੇ ਇਸਰਾਏਲ ਨੂੰ *ਨਹੀਂ* ਠੁਕਰਾਇਆ ਹੈ . . . ਪਰਮੇਸ਼ੁਰ ਨੇ ਇਸਰਾਏਲ ਨੂੰ ਠੁਕਰਾਇਆ *ਸੀ*। ਇਨ੍ਹਾਂ ਦੋਹਾਂ ਵਿਚਾਰਾਂ ਵਿੱਚ ਆਪਸੀ ਮੇਲ ਕਿਵੇਂ ਲਿਆਇਆ ਜਾ ਸਕਦਾ ਹੈ? ਆਓ 9:6 ਵਿੱਚ ਰਸੂਲ ਪੌਲੁਸ ਦੇ ਕਥਨ ਵੱਲ ਵਾਪਸ ਚੱਲੀਏ: "ਕਿਉਂਕਿ ਜਿਹੜੇ ਇਸਰਾਏਲ ਦੇ ਵਿੱਚੋਂ ਹਨ ਓਹ ਸੱਭੇ ਇਸਰਾਏਲੀ ਨਹੀਂ।" ਇਸ ਸਿੱਖਿਆ ਨੂੰ ਇੱਕ ਵੱਡੇ ਛੱਲੇ ਦੇ ਅੰਦਰ ਇੱਕ ਛੋਟੇ ਛੱਲੇ ਦੀ ਤਸਵੀਰ ਵਜੋਂ ਸਮਝਿਆ ਜਾ ਸਕਦਾ ਹੈ।

ਪਰਮੇਸ਼ੁਰ ਨੇ ਇਸਰਾਏਲ ਦੇ ਇੱਕ ਵੱਡੇ ਹਿੱਸੇ (ਵੱਡੇ ਛੱਲੇ) ਨੂੰ ਠੁਕਰਾ ਦਿੱਤਾ ਸੀ, ਪਰ ਉਸ ਨੇ ਉਨ੍ਹਾਂ ਯਹੂਦੀਆਂ ਨੂੰ *ਨਹੀਂ* ਠੁਕਰਾਇਆ ਸੀ ਜਿਨ੍ਹਾਂ ਨੇ ਯਿਸੂ 'ਤੇ ਵਿਸ਼ਵਾਸ ਕੀਤਾ ਸੀ (ਛੋਟਾ ਛੱਲਾ)। ਜਦੋਂ ਅਸੀਂ ਅਧਿਆਇ 11 ਵਿੱਚ ਅਗਾਂਹ ਵਧਦੇ ਹਾਂ ਤਾਂ ਅਸੀਂ ਇਸ ਭਿੰਨਤਾ ਨੂੰ ਚੇਤੇ ਰੱਖੀਏ। ਜਿਨ੍ਹਾਂ ਯਹੂਦੀਆਂ ਨੇ ਯਿਸੂ ਨੂੰ ਸਵੀਕਾਰ ਕੀਤਾ ਸੀ ਉਨ੍ਹਾਂ ਨੂੰ ਇਸ ਅਧਿਆਇ ਵਿੱਚ ਪਰਮੇਸ਼ੁਰ ਦੀ "ਪਰਜਾ" (11:1), "ਪਰਜਾ ਨੂੰ ਜਿਹ ਨੂੰ ਉਸ ਨੇ ਅੱਗਿਓਂ ਹੀ ਜਾਣਿਆ" (11:2) ਅਤੇ "ਚੁਣੇ ਹੋਏ" (11:7) ਆਖਿਆ ਗਿਆ ਹੈ।

ਇਸ ਦੇ ਪ੍ਰਮਾਣ ਵਜੋਂ, ਕਿ ਪਰਮੇਸ਼ੁਰ ਨੇ ਇਸਰਾਏਲ ਰਾਸ਼ਟਰ ਨੂੰ ਤਿਆਗਿਆ ਨਹੀਂ ਹੈ, ਪੌਲੁਸ ਨੇ ਆਪਣਾ ਹਵਾਲਾ ਦਿੱਤਾ:[1] **ਮੈਂ ਇਸਰਾਏਲ ਦੇ ਵੰਸ ਅਤੇ ਬਿਨਯਾਮੀਨ ਦੇ ਗੋਤ ਵਿੱਚੋਂ ਅਤੇ ਇਬਰਾਨੀਆਂ ਦਾ ਇਬਰਾਨੀ ਹਾਂ** (ਫ਼ਿਲਿੱਪੀਆਂ 3:5 ਵੇਖੋ)। ਪੌਲੁਸ "ਇਸਰਾਏਲ ਵਿਚਲੇ ਇਸਰਾਏਲ" ਆਰਥਾਤ ਉਨ੍ਹਾਂ ਯਹੂਦੀਆਂ ਦਾ ਹਿੱਸਾ ਸੀ ਜਿਨ੍ਹਾਂ ਨੇ ਯਿਸੂ ਨੂੰ ਮਸੀਹ ਵਜੋਂ ਸਵੀਕਾਰ ਕੀਤਾ ਸੀ।

**ਆਇਤਾਂ 2, 3.** ਕਿਉਂ ਜੋ ਪੌਲੁਸ ਇੱਕ ਯਹੂਦੀ ਸੀ ਜਿਸ ਨੂੰ ਪਰਮੇਸ਼ੁਰ ਨੇ ਸਵੀਕਾਰ ਕਰ ਲਿਆ ਸੀ, ਉਹ ਇਸ ਸਿੱਟੇ 'ਤੇ ਪੁੱਜਾ, **ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਜਿਹ ਨੂੰ ਉਸ ਨੇ ਅੱਗਿਓਂ ਹੀ ਜਾਣਿਆ ਨਹੀਂ ਛੱਡੀ।** ਜਿਵੇਂ ਕਿ ਪਹਿਲਾਂ ਵੀ ਚਰਚਾ ਕੀਤੀ ਗਈ ਹੈ, ਪਰਮੇਸ਼ੁਰ ਦਾ ਪੂਰਵ-ਗਿਆਨ ਮਨੁੱਖ ਦੀ ਅਜ਼ਾਦ ਇੱਛਾ ਨੂੰ ਰੱਦ ਨਹੀਂ ਕਰਦਾ (8:29, 30 ਦੀ ਟਿੱਪਣੀ ਵੇਖੋ)। ਜਿਨ੍ਹਾਂ ਨੂੰ ਪਰਮੇਸ਼ੁਰ ਨੇ "ਅੱਗਿਓਂ ਹੀ ਜਾਣਿਆ," ਉਹ ਹਨ ਜਿਨ੍ਹਾਂ ਨੇ ਖੁਸ਼ਖਬਰੀ ਨੂੰ (2 ਥੱਸਲੁਨੀਕੀਆਂ 2:14) ਵਿਸ਼ਵਾਸ ਰਾਹੀਂ (1:16) ਸਵੀਕਾਰ ਕੀਤਾ ਅਤੇ ਇਸ ਕਰਕੇ ਧਰਮੀ ਠਹਿਰਾਏ ਗਏ ਹਨ (5:1)। ਜਿਨ੍ਹਾਂ ਯਹੂਦੀਆਂ ਨੇ ਇਹ ਮੰਗਾਂ ਪੂਰੀਆਂ ਕੀਤੀਆਂ ਸਨ, ਉਨ੍ਹਾਂ ਨੂੰ ਪਰਮੇਸ਼ੁਰ ਨੇ ਨਹੀਂ ਠੁਕਰਾਇਆ ਸੀ।

ਬਹੁਤੇ ਯਹੂਦੀਆਂ ਨੇ ਇਹ ਮੰਗਾਂ ਪੂਰੀਆਂ *ਨਹੀਂ* ਕੀਤੀਆਂ ਸਨ—ਪਰ ਇਹ ਹੈਰਾਨੀਜਨਕ ਨਹੀਂ ਹੋਣਾ ਚਾਹੀਦਾ ਸੀ ਕਿਉਂ ਜੋ, ਇਸਰਾਏਲ ਦੇ ਸਾਰੇ ਇਤਹਾਸ ਦੇ ਦੌਰਾਨ, ਕੇਵਲ ਥੋੜੇ ਜਿਹੇ ਯਹੂਦੀ ਹੀ ਅਸਲ ਵਿੱਚ ਪਰਮੇਸ਼ੁਰ ਦੇ ਮਗਰ ਪੂਰੀ ਤਰ੍ਹਾਂ ਤੁਰੇ ਸਨ। ਪੁਰਾਣੇ ਨੇਮ ਦੀ ਇੱਕ ਪ੍ਰਸਿੱਧ ਘਟਨਾ ਵਿੱਚ ਇਹੋ ਹੋਇਆ ਸੀ।

> **ਭਲਾ, ਤੁਸੀਂ ਨਹੀਂ ਜਾਣਦੇ ਜੋ ਧਰਮ ਪੁਸਤਕ ਏਲੀਯਾਹ ਦੀ ਕਥਾ ਵਿੱਚ ਕੀ ਕਹਿੰਦਾ ਹੈ ਭਈ ਓਹ ਪਰਮੇਸ਼ੁਰ ਦੇ ਅੱਗੇ ਇਸਰਾਏਲ ਉੱਤੇ ਕਿਸ ਤਰਾਂ ਫ਼ਰਿਯਾਦ ਕਰਦਾ ਹੈ? ਕਿ ਹੇ ਪ੍ਰਭੁ, ਓਹਨਾਂ ਨੇ ਤੇਰੇ ਨਬੀਆਂ ਨੂੰ ਜਾਨੋਂ ਮਾਰ ਦਿੱਤਾ, ਤੇਰੀਆਂ ਜਗਵੇਦੀਆਂ ਢਾਹ ਸੁੱਟੀਆਂ ਅਤੇ ਮੈਂ ਹੀ ਇੱਕਲਾ ਰਹਿ ਗਿਆ ਅਤੇ ਓਹ ਮੇਰੀ ਜਾਨ ਦੇ ਮਗਰ ਲੱਗੇ ਹੋਏ ਹਨ।**

ਏਲੀਯਾਹ ਦੇ ਸ਼ਬਦਾਂ ਦਾ ਪਿਛੋਕੜ ਕੀ ਹੈ? ਏਲੀਯਾਹ ਨਬੀ ਕਰਮਲ ਪਰਬਤ ਉੱਤੇ ਬਆਲ ਦੇ ਨਬੀਆਂ 'ਤੇ ਜੇਤੂ ਹੋਇਆ ਸੀ (1 ਰਾਜਿਆਂ 18)। ਸ਼ਾਇਦ ਉਹ ਸੋਚ ਰਿਹਾ ਸੀ ਕਿ ਇਸ ਜਿੱਤ ਨਾਲ ਸਾਰੇ ਰਾਸ਼ਟਰ ਵਿੱਚ ਬੇਦਾਰੀ ਦੀ ਇੱਕ ਲਹਿਰ ਆ ਜਾਵੇਗੀ। ਪਰ ਰਾਣੀ ਈਜ਼ਬਲ ਉਸ ਦੀ ਜਾਨ ਦੇ ਮਗਰ ਪੈ ਗਈ ਅਤੇ ਉਸ ਨੂੰ ਆਪਣੀ ਜਾਨ ਬਚਾਉਣ ਲਈ ਨੱਸਣਾ ਪਿਆ (1 ਰਾਜਿਆਂ 19:1-8)। ਇਕੱਲੇ ਅਤੇ ਨਿਰਾਸ਼ ਏਲੀਯਾਹ ਨੇ ਆਪਣੀ ਨਿਰਾਸ਼ਾ ਪਰਮੇਸ਼ੁਰ ਅੱਗੇ ਰੱਖੀ: "ਇਸਰਾਏਲੀਆਂ ਨੇ ਤੇਰੇ ਨੇਮ ਨੂੰ ਤਿਆਗ ਦਿੱਤਾ ਤੇਰੀਆਂ ਜਗਵੇਦੀਆਂ ਢਾਹ ਸੁੱਟੀਆਂ ਅਤੇ ਤੇਰੇ ਨਬੀਆਂ ਨੂੰ ਤਲਵਾਰ ਨਾਲ ਵੱਢ ਦਿੱਤਾ। ਹੁਣ ਮੈਂ ਹੀ ਇਕੱਲਾ ਬਾਕੀ ਰਹਿ ਗਿਆ ਹਾਂ ਪਰ ਓਹ ਮੇਰੀ ਜਾਨ ਨੂੰ ਕੱਢਣ ਨੂੰ ਮੈਨੂੰ ਲੱਭਦੇ ਫਿਰਦੇ ਹਨ।" (1 ਰਾਜਿਆਂ 19:10; 19:14 ਵੇਖੋ)। ਏਲੀਯਾਹ ਸੋਚ ਰਿਹਾ ਸੀ ਕਿ ਵਫ਼ਾਦਾਰ ਇਸਰਾਏਲ ਦਾ ਖਾਤਮਾ ਹੁਣ ਨੇੜੇ ਹੀ ਸੀ।

**ਆਇਤ 4.** ਸ਼ੁਕਰ ਇਸ ਗੱਲ ਦਾ ਹੈ ਕਿ ਕਹਾਣੀ ਇੱਥੇ ਹੀ ਸਮਾਪਤ ਨਹੀਂ ਹੋ ਗਈ। ਪੌਲੁਸ ਅੱਗੇ ਲਿਖਦਾ ਹੈ, **ਪਰ ਉਹ** [ਏਲੀਯਾਹ] **ਨੂੰ ਕੀ ਸੁਰਗੀ ਬਾਣੀ ਮਿਲੀ? ਏਹ, ਕਿ ਮੈਂ ਆਪਣੇ**

**ਲਈ ਸੱਤ ਹਜ਼ਾਰ ਪੁਰਖਾਂ ਨੂੰ ਰੱਖ ਛੱਡਿਆ ਹੈ ਜਿਨ੍ਹਾਂ ਬਆਲ ਦੇ ਅੱਗੇ ਗੋਡਾ ਨਹੀਂ ਟੇਕਿਆ** (1 ਰਾਜਿਆਂ 19:18 ਵੇਖੋ)। ਪ੍ਰਭੂ ਦਿਆਂ ਵਚਨਾਂ ਤੋਂ ਦੋ ਗੱਲਾਂ ਸਿੱਖੀਆਂ ਜਾ ਸਕਦੀਆਂ ਹਨ। ਪਹਿਲੀ, ਸੱਤ ਹਜ਼ਾਰ ਇਸਰਾਏਲ (ਉੱਤਰੀ ਰਾਜ) ਦੀ ਅਬਾਦੀ ਦਾ ਇੱਕ ਛੋਟਾ ਜਿਹਾ ਹਿੱਸਾ ਸੀ। ਇਨ੍ਹਾਂ ਸੱਤ ਹਜ਼ਾਰ ਵਿਅਕਤੀਆਂ ਨੂੰ "ਇਸਰਾਏਲ ਵਿਚਲਾ ਇਸਰਾਏਲ" ਆਖਿਆ ਜਾ ਸਕਦਾ ਸੀ। ਕਿਉਂ ਜੋ ਏਲੀਯਾਹ ਦੇ ਸਮੇਂ ਵਿੱਚ "ਸੱਚੇ ਇਸਰਾਏਲ" ਦੀ ਗਿਣਤੀ ਬਹੁਤ ਥੋੜੀ ਸੀ, ਇਸ ਕਰਕੇ ਯਹੂਦੀਆਂ ਨੂੰ ਇਸ ਗੱਲ ਤੋਂ ਹੈਰਾਨ ਨਹੀਂ ਹੋਣਾ ਚਾਹੀਦਾ ਸੀ ਕਿ ਪੌਲੁਸ ਦੇ ਸਮੇਂ ਵਿੱਚ ਵੀ ਹਾਲਾਤ ਉਹੋ ਜਿਹੇ ਹੀ ਸਨ।

ਪਰ ਰੋਮੀਆਂ 11 ਵਿੱਚ ਪੌਲੁਸ ਦਾ ਮੁੱਖ ਸੰਦੇਸ਼ ਇਹ ਸੀ ਕਿ ਸੱਤ ਹਜ਼ਾਰ, ਭਾਵੇਂ ਇੱਕ *ਛੋਟੀ* ਗਿਣਤੀ ਸੀ, ਪਰ ਇੱਕ *ਮਹੱਤਵਪੂਰਣ* ਗਿਣਤੀ ਸੀ। ਜੇਕਰ ਅਸੀਂ ਸੱਤ ਹਜ਼ਾਰ ਪੁਰਸ਼ਾਂ ਦੀਆਂ ਪਤਨੀਆਂ ਅਤੇ ਬੱਚਿਆਂ ਦੀ ਗਿਣਤੀ ਨੂੰ ਜੋੜੀਏ ਤਾਂ ਕੁਲ ਅਬਾਦੀ ਵੀਹ ਹਜ਼ਾਰ ਦੇ ਲਗਭਗ ਹੋ ਜਾਵੇਗੀ। ਇਹ ਗਿਣਤੀ ਉਸ ਨਾਲੋਂ ਕਿਤੇ ਵਧ ਸੀ ਜੋ ਏਲੀਯਾਹ ਦੇ ਮਨ ਵਿੱਚ ਸੀ। ਪੌਲੁਸ ਦੇ ਦਿਨਾਂ ਵਿੱਚ, ਹਾਲਾਂਕਿ ਬਹੁਤੇ ਯਹੂਦੀ ਪਰਮੇਸ਼ੁਰ ਵੱਲੋਂ ਠੁਕਰਾਏ ਜਾ ਚੁੱਕੇ ਸਨ, ਇੱਕ ਵੱਡੀ ਗਿਣਤੀ ਠੁਕਰਾਈ ਨਹੀਂ ਗਈ ਸੀ। ਤਿੰਨ ਹਜ਼ਾਰ ਯਹੂਦੀ ਪੰਤੇਕੁਸਤ ਦੇ ਦਿਨ ਬਚਾਏ ਗਏ ਅਤੇ ਉਨ੍ਹਾਂ ਨੇ ਬਪਤਿਸਮਾ ਲਿਆ (ਰਸੂਲਾਂ 2:5, 37, 38, 41, 47)। ਯਰੂਸ਼ਲਮ ਵਿੱਚ ਯਹੂਦੀ ਮਸੀਹੀਆਂ ਦੀ ਗਿਣਤੀ ਵਧਦੀ ਜਾ ਰਹੀ ਸੀ ਅਤੇ ਸ਼ਾਇਦ ਲੱਖਾਂ ਤੱਕ ਅੱਪੜ ਗਈ ਸੀ (ਰਸੂਲਾਂ 2:47; 4:4; 5:14; 6:7)। ਯਰੂਸ਼ਲਮ ਤੋਂ ਕਲੀਸਿਆ ਦੇ ਖਿੰਡ ਜਾਣ ਮਗਰੋਂ (ਰਸੂਲਾਂ 8:1, 4), ਇੱਧਰ-ਉੱਧਰ ਯਹੂਦੀ ਖੁਸ਼ਖਬਰੀ ਨੂੰ ਸਵੀਕਾਰ ਕਰਦੇ ਰਹੇ (ਰਸੂਲਾਂ 14:1; 17:1-4, 10-12)। ਜਦੋਂ ਪੌਲੁਸ ਆਪਣੀ ਤੀਜੀ ਮਿਸ਼ਨਰੀ ਯਾਤਰਾ ਤੋਂ ਬਾਅਦ ਯਰੂਸ਼ਲਮ ਵਿੱਚ ਵਾਪਸ ਆਇਆ, ਤਾਂ ਨਗਰ ਦੇ ਆਗੂਆਂ ਨੇ ਆਖਿਆ ਕਿ, "ਯਹੂਦੀਆਂ ਵਿੱਚ ਕਿੰਨੇਕੁ ਹਜ਼ਾਰ[2] ਨਿਹਚਾਵਾਨ ਹਨ" (ਰਸੂਲਾਂ 21:20)। ਇਹ "ਕਿੰਨੇਕੁ ਹਜ਼ਾਰ" ਇੱਕ ਵੱਡਾ ਪ੍ਰਮਾਣ ਸੀ ਕਿ ਪਰਮੇਸ਼ੁਰ ਨੇ ਇਸਰਾਏਲ ਨੂੰ ਠੁਕਰਾਇਆ ਨਹੀਂ ਹੈ। ਵਿਸ਼ੇਸ਼ ਤੌਰ 'ਤੇ ਪਰਮੇਸ਼ੁਰ ਨੇ ਇਸਰਾਏਲ ਰਾਸ਼ਟਰ (ਵੱਡਾ ਦਾਇਰਾ) ਵਿੱਚ ਉਨ੍ਹਾਂ ਨੂੰ ਨਹੀਂ ਠੁਕਰਾਇਆ ਸੀ ਜਿਹੜੇ "ਉਸ ਦੀ ਪਰਜਾ" (ਛੋਟਾ ਦਾਇਰਾ) ਸਨ।

**ਆਇਤਾਂ 5, 6.** ਏਲੀਯਾਹ ਦੇ ਦਿਨਾਂ ਤੋਂ ਉਦਾਹਰਣ ਲੈ ਕੇ ਪੌਲੁਸ ਅਗਾਂਹ ਵਧਦਾ ਹੈ, **ਇਸੇ ਤਰਾਂ ਹੁਣ ਭੀ ਕਿਰਪਾ ਦੀ ਚੋਣ ਅਨੁਸਾਰ ਇੱਕ ਬਕੀਆ ਹੈ।** "ਬਕੀਆ" ਨੂੰ λεῖμμα (*ਲੇਈਮਾ*) ਤੋਂ ਅਨੁਵਾਦ ਕੀਤਾ ਗਿਆ ਹੈ, ਜਿਸ ਦਾ ਅਰਥ ਹੈ "ਉਹ ਜਿਸ ਨੂੰ ਛੱਡ ਦਿੱਤਾ ਗਿਆ ਹੈ।" (ਇਹ λείπω [*ਲੇਈਪੋ*, "ਛੱਡ ਦੇਣਾ"] ਨਾਲ ਸੰਬੰਧਤ ਹੈ।[3]) ਯਿਰਮਿਯਾਹ 42:2 ਵਿੱਚ ਦੱਸੇ ਗਏ "ਬਚਿਆਂ ਹੋਇਆਂ" ਦਾ ਅਰਥ ਹੈ "ਬਹੁਤਿਆਂ ਵਿੱਚੋਂ ਥੋੜੇ।" ਰੋਮੀਆਂ ਵਿੱਚ ਪਹਿਲਾਂ ਪੌਲੁਸ ਨੇ ਯਸਾਯਾਹ ਦਾ ਹਵਾਲਾ ਲਿਆ ਸੀ: "ਇਸਰਾਏਲ ਦਾ ਵੰਸ ਭਾਵੇਂ ਗਿਣਤੀ ਵਿੱਚ ਸਮੁੰਦਰ ਦੀ ਰੇਤ ਦੇ ਤੁੱਲ ਹੋਵੇ ਪਰ ਉਹ ਦਾ ਬਕੀਆ[4] ਹੀ ਬਚਾਇਆ ਜਾਵੇਗਾ" (9:27)। ਇਹ ਪਹਿਲਾਂ ਹੀ ਆਖ ਦਿੱਤਾ ਗਿਆ ਸੀ ਕਿ ਇਸਰਾਏਲੀਆਂ ਦੇ "ਬਹੁਤਿਆਂ ਵਿੱਚੋਂ ਥੋੜੇ" ਹੀ ਬਚਾਏ ਜਾਣਗੇ (ਵੱਡੇ ਛੱਲੇ ਦੇ ਅੰਦਰ ਇੱਕ ਛੋਟਾ ਛੱਲਾ)।

ਕੀ ਇਸ ਦਾ ਅਰਥ ਇਹ ਹੈ ਕਿ ਇਸਰਾਏਲ ਦੇ ਬਕੀਏ ਨੇ ਅਜਿਹਾ ਕੁਝ ਵਿਸ਼ੇਸ਼ ਕੀਤਾ ਸੀ ਕਿ ਉਨ੍ਹਾਂ ਨੂੰ ਪਰਮੇਸ਼ੁਰ ਦੀ ਕਿਰਪਾ ਦੇ ਲਈ ਚੁਣਿਆ ਗਿਆ ਸੀ? ਪੌਲੁਸ ਇਹ ਸਪੱਸ਼ਟ ਕਰ ਦੇਣਾ

ਚਾਹੁੰਦਾ ਸੀ ਕਿ ਉਨ੍ਹਾਂ ਦਾ ਸਵੀਕਾਰ ਕੀਤਾ ਜਾਣਾ ਉਨ੍ਹਾਂ ਦੇ ਵਿਅਕਤੀਗਤ ਗੁਣਾਂ ਜਾਂ ਉਪਲਬਧੀਆਂ ਦੇ ਅਧਾਰ ’ਤੇ ਨਹੀਂ ਹੋਇਆ ਸੀ, ਸਗੋਂ ਇਹ ਪਰਮੇਸ਼ੁਰ ਦੀ ਦਇਆ ਅਤੇ ਕਿਰਪਾ ਸਦਕਾ ਹੋਇਆ ਸੀ: ਇਹ “ਪਰਮੇਸ਼ੁਰ ਦੀ ਕਿਰਪਾ ਦੀ ਚੋਣ ਅਨੁਸਾਰ” ਹੋਇਆ ਸੀ।

“ਪਰਮੇਸ਼ੁਰ ਦੀ ਕਿਰਪਾ ਦੀ ਚੋਣ ਅਨੁਸਾਰ” ਆਖਣ ਤੋਂ ਬਾਅਦ ਪੌਲੁਸ ਨੇ ਕਿਰਪਾ-ਦੁਆਰਾ-ਮੁਕਤੀ ਅਤੇ ਕੰਮਾਂ-ਦੇ-ਅਧਾਰ-’ਤੇ-ਮੁਕਤੀ ਵਿੱਚਕਾਰ ਤੁਲਨਾ ਕਰਦਿਆਂ ਆਪਣਾ ਸਭ ਤੋਂ ਡਾਢਾ ਵਾਕ ਬੋਲਿਆ: **ਪਰ ਇਹ ਜੇ** [ਪਰਮੇਸ਼ੁਰ ਦੀ ਚੋਣ] **ਕਿਰਪਾ ਤੋਂ ਹੋਇਆ ਤਾਂ ਫੇਰ ਕਰਨੀਆਂ ਤੋਂ ਨਹੀਂ। ਨਹੀਂ ਤਾਂ ਕਿਰਪਾ ਫੇਰ ਕਿਰਪਾ ਨਾ ਰਹੀ।** ਕਿਰਪਾ ਦੁਆਰਾ ਮੁਕਤੀ ਅਤੇ ਕੰਮਾਂ ਦੇ ਅਧਾਰ ’ਤੇ ਮੁਕਤੀ ਦੀਆਂ ਧਾਰਣਾਵਾਂ ਵਿੱਚ ਕੋਈ ਆਪਸੀ ਮੇਲ ਨਹੀਂ ਹੈ। ਜੇਕਰ ਅਸੀਂ ਆਖੀਏ ਕਿ ਪਰਮੇਸ਼ੁਰ ਨੇ ਸਾਨੂੰ ਆਪਣੀ *ਕਿਰਪਾ* ਸਦਕਾ ਇਸ ਕਰਕੇ ਬਚਾਇਆ ਕਿਉਂਕਿ ਅਸੀਂ ਆਪਣੀਆਂ ਕਰਨੀਆਂ ਕਰਕੇ ਆਪਣੀ ਮੁਕਤੀ *ਕਮਾਈ* ਹੈ, ਤਾਂ ਇਹ ਮੂਰਖਤਾ ਹੋਵੇਗੀ। ਤਾਂ ਫਿਰ ਕੋਈ ਅਜਿਹਾ ਵੀ ਆਖ ਸਕਦਾ ਹੈ, “ਮੈਂ ਗੰਦਾ ਹੋਣ ਦੁਆਰਾ ਸਾਫ ਹੋ ਗਿਆ,” ਜਾਂ “ਪੰਛੀ ਜ਼ਮੀਨ ’ਤੇ ਬੈਠ ਕੇ ਹਵਾ ਵਿੱਚ ਉਡਾਰੀਆਂ ਮਾਰਨ ਲੱਗਾ।” ਇਹ ਆਖਣ ਨਾਲ, ਕਿ ਅਸੀਂ ਆਪਣਿਆਂ ਕੰਮਾਂ ਦੇ ਅਧਾਰ ’ਤੇ ਕਿਰਪਾ ਸਦਕਾ ਬਚਾਏ ਗਏ ਹਾਂ, “ਕਿਰਪਾ” ਸ਼ਬਦ ਦੀ ਮਰਿਆਦਾ ਖਤਮ ਹੋ ਜਾਂਦੀ ਹੈ। “ਕਿਰਪਾ” ਫਿਰ “ਕਿਰਪਾ” ਨਹੀਂ ਰਹਿ ਜਾਵੇਗੀ।

ਆਇਤਾਂ 5 ਅਤੇ 6 ਛੱਡਣ ਤੋਂ ਪਹਿਲਾਂ ਸਾਨੂੰ “ਬਕੀਆ” ਸ਼ਬਦ ਬਾਰੇ ਕੁਝ ਹੋਰ ਗੱਲਾਂ ਵੀ ਵੇਖ ਲੈਣੀਆਂ ਚਾਹੀਦੀਆਂ ਹਨ। ਬਾਈਬਲ ਨੇ ਹਮੇਸ਼ਾ ਇੱਕ *ਬਕੀਏ* (ਥੋੜੀ ਅਬਾਦੀ) ਨੂੰ ਬਚਾਏ ਜਾਣ ਦੀ ਹੀ ਗੱਲ ਕੀਤੀ ਹੈ।[5] ਨੂਹ ਦੇ ਵੇਲੇ, ਧਰਤੀ ਦੇ ਹਜ਼ਾਰਾਂ-ਲੱਖਾਂ ਲੋਕਾਂ ਵਿੱਚੋਂ ਕੇਵਲ ਅੱਠ ਜਣੇ (ਇੱਕ ਛੋਟੀ ਗਿਣਤੀ, ਇੱਕ ਬਕੀਆ) ਬਚਾਏ ਗਏ (1 ਪਤਰਸ 3:20)। ਜਦੋਂ ਸਦੂਮ ਅਤੇ ਅਮੂਰਾਹ ਦਾ ਨਾਸ ਕੀਤਾ ਗਿਆ, ਤਾਂ ਲੂਤ ਅਤੇ ਉਸ ਦੀਆਂ ਦੋ ਧੀਆਂ (ਥੋੜੇ ਜਿਹੇ, ਇੱਕ ਬਕੀਆ) ਬਚਾਏ ਗਏ (ਉਤਪਤ 19:15-26)। ਜਦੋਂ ਯਹੂਦੀਆਂ ਨੂੰ ਗੁਲਾਮੀ ਵਿੱਚ ਲਿਜਾਇਆ ਗਿਆ, ਕੇਵਲ ਇੱਕ ਬਕੀਆ ਹੀ ਮੁੜ ਕੇ ਆਇਆ (ਯਸਾਯਾਹ 10:21 ਵੇਖੋ)। ਨਵੇਂ ਨੇਮ ਵਿੱਚ ਯਿਸੂ ਨੇ ਪਹਿਲਾਂ ਹੀ ਦੱਸ ਦਿੱਤਾ ਕਿ ਕੇਵਲ ਥੋੜੇ ਲੋਕ (ਇੱਕ ਬਕੀਆ) ਹੀ ਬਚਾਏ ਜਾਣਗੇ (ਮੱਤੀ 7:13, 14)। ਪਰਕਾਸ਼ ਦੀ ਪੋਥੀ ਪਰਮੇਸ਼ੁਰ ਦੇ ਲੋਕਾਂ ਨੂੰ “ਇੱਕ ਬਕੀਆ[6] . . . ਜਿਹੜੇ ਪਰਮੇਸ਼ੁਰ ਦੀਆਂ ਆਗਿਆਵਾਂ ਦੀ ਪਾਲਣਾ ਕਰਦੇ ਹਨ” ਆਖਿਆ ਗਿਆ ਹੈ (ਪਰਕਾਸ਼ 12:17; KJV)। ਜਦੋਂ ਅਸੀਂ ਇਸ ਅਧਿਆਇ ਦੀਆਂ ਕੁਝ ਆਇਤਾਂ ਨੂੰ ਲੈ ਕੇ ਸੰਘਰਸ਼ ਕਰਦੇ ਹਾਂ, ਤਾਂ ਸਾਨੂੰ ਇਸ ਮਹੱਤਵਪੂਰਣ ਸੱਚਾਈ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ: ਕੇਵਲ ਇੱਕ *ਬਕੀਆ* ਹੀ ਬਚਾਇਆ ਜਾਵੇਗਾ। ਇਹ ਸੱਚਾਈ ਹਮੇਸ਼ਾ ਤੋਂ ਕਾਇਮ ਰਹੀ ਹੈ; ਅਤੇ ਹਮੇਸ਼ਾ ਕਾਇਮ ਰਹੇਗੀ।

## ਯਹੂਦੀਆਂ ਦਾ ਮਨ ਕਠੋਰ ਕੀਤਾ ਜਾਣਾ (11:7-10)

**7ਤਾਂ ਫੇਰ ਕੀ? ਜਿਸ ਗੱਲ ਨੂੰ ਇਸਰਾਏਲ ਭਾਲਦਾ ਹੈ ਸੋ ਉਹ ਨੂੰ ਨਾ ਲੱਭੀ ਪਰ ਚੁਣਿਆਂ ਹੋਇਆਂ ਨੂੰ ਲੱਭੀ ਹੈ ਅਤੇ ਬਾਕੀ ਦੇ ਬੁੱਧੂ ਕੀਤੇ ਗਏ। 8ਜਿਵੇਂ ਲਿਖਿਆ ਹੋਇਆ ਹੈ,–**

**ਪਰਮੇਸ਼ੁਰ ਨੇ ਅੱਜ ਤੀਕੁਰ ਓਹਨਾਂ ਨੂੰ ਸੁਸਤ ਤਬੀਅਤ ਦਿੱਤੀ,**
**ਅੱਖਾਂ ਜੋ ਨਾ ਵੇਖਣ ਅਤੇ ਕੰਨ ਜੋ ਨਾ ਸੁਣਨ।**

[9]**ਅਤੇ ਦਾਊਦ ਆਖਦਾ ਹੈ,–**
**ਓਹਨਾਂ ਦੀ ਮੇਜ਼ ਫਾਹੀ ਅਤੇ ਫੰਦਾ,**
**ਠੋਕਰ ਅਤੇ ਬਦਲਾ ਬਣ ਜਾਵੇ।**
[10]**ਓਹਨਾਂ ਦੀਆਂ ਅੱਖਾਂ ਉੱਤੇ ਅਨ੍ਹੇਰਾ ਛਾ ਜਾਵੇ ਜੋ ਓਹ ਨਾ ਵੇਖਣ,**
**ਅਤੇ ਓਹਨਾਂ ਦੀ ਪਿੱਠ ਸਦਾ ਤੀਕ ਝੁਕਾਈ ਰੱਖ!**

ਇਸਰਾਏਲ ਦਾ ਕੇਵਲ ਇੱਕ ਬਕੀਆ ਹੀ *ਕਿਉਂ* ਬਚਾਇਆ ਜਾਵੇਗਾ? ਆਇਤ 7 ਤੋਂ 10 ਤੱਕ ਪੌਲੁਸ ਇਸੇ ਪ੍ਰਸ਼ਨ ਦਾ ਜਵਾਬ ਦਿੰਦਾ ਹੈ।

**ਆਇਤ 7.** ਇਹ ਪੁੱਛਣ ਤੋਂ ਬਾਅਦ, **ਤਾਂ ਫੇਰ ਕੀ?** ਉਸ ਨੇ ਆਖਿਆ, **ਜਿਸ ਗੱਲ ਨੂੰ ਇਸਰਾਏਲ ਭਾਲਦਾ ਹੈ ਸੋ ਉਹ ਨੂੰ ਨਾ ਲੱਭੀ।** ਪੌਲੁਸ ਨੇ ਪਹਿਲਾਂ ਆਖਿਆ ਸੀ ਕਿ ਇਸਰਾਏਲ ਧਾਰਮਿਕਤਾ (ਪਰਮੇਸ਼ੁਰ ਦੇ ਨਾਲ ਸਹੀ ਸੰਬੰਧ) ਦਾ ਪਿੱਛਾ ਕਰਦਾ ਆ ਰਿਹਾ ਸੀ ਪਰ ਉਹ ਵਿਫਲ ਰਹੇ "ਇਸ ਲਈ ਜੋ ਉਨ੍ਹਾਂ ਨੇ ਨਿਹਚਾ ਦੇ ਰਾਹ ਤੋਂ ਨਹੀਂ" ਕੀਤਾ (9:31, 32)। ਮੁਢਲੇ ਤੌਰ 'ਤੇ ਇਹ ਉਹੀ ਗੱਲ ਹੈ ਜੋ ਪੌਲੁਸ ਨੇ 11:7 ਵਿੱਚ ਆਖੀ ਸੀ: "ਜਿਸ ਗੱਲ ਨੂੰ ਇਸਰਾਏਲ ਭਾਲਦਾ ਹੈ [ਪਰਮੇਸ਼ੁਰ ਦੇ ਨਾਲ ਸਹੀ ਸੰਬੰਧ ਨੂੰ] ਸੋ ਉਹ ਨੂੰ ਨਾ ਲੱਭੀ।"

ਪਰ ਫਿਰ ਵੀ ਕੁਝ ਇਸਰਾਏਲੀਆਂ ਨੂੰ ਉਹ ਮਿਲ ਗਿਆ ਜਿਸ ਦੀ ਭਾਲ ਉਨ੍ਹਾਂ ਨੇ ਕੀਤੀ ਸੀ: **ਪਰ ਚੁਣਿਆਂ ਹੋਇਆਂ ਨੂੰ ਲੱਭੀ ਹੈ।** ਇਹ "ਸੱਚੇ ਇਸਰਾਏਲ" (ਵੱਡੇ ਦਾਇਰੇ ਵਿੱਚ ਛੋਟਾ ਦਾਇਰਾ) ਸਨ। ਉਨ੍ਹਾਂ ਨੇ ਪਰਮੇਸ਼ੁਰ ਦੇ ਨਾਲ ਸਹੀ ਸੰਬੰਧ ਨੂੰ ਪ੍ਰਾਪਤ ਕਰ ਲਿਆ ਕਿਉਂਕਿ ਉਨ੍ਹਾਂ ਨੇ ਯਿਸੂ ਵਿੱਚ "ਨਿਹਚਾ ਨਾਲ ਇਸ ਦਾ ਪਿੱਛਾ ਕੀਤਾ।"

ਤਾਂ ਫਿਰ ਜ਼ਿਆਦਾਤਰ ਇਸਰਾਏਲ ਦੇ ਨਾਲ ਕੀ ਹੋਇਆ? ਅਸੀਂ ਪੜ੍ਹਦੇ ਹਾਂ, **ਅਤੇ ਬਾਕੀ ਦੇ ਬੁੱਧੂ ਕੀਤੇ ਗਏ।** "ਬੁੱਧੂ" πωρόω (*ਪੋਰੂਓ*) ਤੋਂ ਹੈ, ਜਿਸ ਦਾ ਅਰਥ ਹੈ "ਕਠੋਰ ਕਰ ਦੇਣਾ" ਜਾਂ "ਸੰਵੇਦਨਾ ਤੋਂ ਰਹਿਤ ਕਰ ਦੇਣਾ।"[7] ਅਧਿਆਇ 9 ਵਿੱਚ ਪੌਲੁਸ ਨੇ ਲਿਖਿਆ ਸੀ ਕਿ ਪਰਮੇਸ਼ੁਰ "ਜਿਹ ਦੇ ਉੱਤੇ ਉਹ ਚਾਹੁੰਦਾ ਹੈ ਉਹ ਸਖ਼ਤੀ ਕਰਦਾ ਹੈ" (9:18) ਅਤੇ ਫ਼ਿਰਊਨ ਦਾ ਉਦਾਹਰਣ ਲਿਆ ਸੀ[8] (9:17)। ਜਿਵੇਂ ਕਿ ਪਹਿਲਾਂ ਵੀ ਲਿਖਿਆ ਗਿਆ ਹੈ, ਕਿ ਬਾਈਬਲ ਅਜਿਹਾ ਨਹੀਂ ਆਖਦੀ ਕਿ ਪਰਮੇਸ਼ੁਰ ਉਨ੍ਹਾਂ ਨੂੰ ਕਠੋਰ ਕਰ ਦਿੰਦਾ ਹੈ ਜਿਨ੍ਹਾਂ ਨੇ ਪਹਿਲਾਂ ਆਪ ਆਪਣਾ ਹਿਰਦੇ ਨੂੰ ਕਠੋਰ ਨਹੀਂ ਕੀਤਾ (9:18 ਦੀ ਟਿੱਪਣੀ ਵੇਖੋ)। ਇਸਰਾਏਲ (ਵੱਡੇ ਛੱਲੇ) ਨਾਲ ਸਮੱਸਿਆ ਇਹ ਸੀ ਕਿ ਉਨ੍ਹਾਂ ਦੇ ਹਿਰਦੇ ਵਿਦ੍ਰੋਹੀ ਅਤੇ ਕਠੋਰ ਸਨ (ਮੱਤੀ 13:15; ਰਸੂਲਾਂ 28:27 ਵੇਖੋ)।

**ਆਇਤ 8.** ਹਰ ਵਾਰ ਦੀ ਤਰ੍ਹਾਂ ਪੌਲੁਸ ਆਪਣੀ ਗੱਲ ਨੂੰ ਦ੍ਰਿੜ੍ਹ ਕਰਨ ਲਈ ਪਵਿੱਤਰ ਸ਼ਾਸਤਰ ਦੀ ਵਰਤੋਂ ਕਰਦਾ ਹੈ। ਪਹਿਲਾਂ ਉਸ ਨੇ ਪੁਰਾਣੇ ਨੇਮ ਦੀਆਂ ਦੋ ਹਵਾਲਿਆਂ, ਬਿਵਸਥਾ ਸਾਰ 29:4 ਅਤੇ ਯਸਾਯਾਹ 29:10, ਨੂੰ ਮਿਲਾ ਕੇ ਲਿਖਿਆ: **ਜਿਵੇਂ ਲਿਖਿਆ ਹੋਇਆ ਹੈ, - ਪਰਮੇਸ਼ੁਰ ਨੇ ਅੱਜ ਤੀਕੁਰ ਓਹਨਾਂ ਨੂੰ ਸੁਸਤ ਤਬੀਅਤ ਦਿੱਤੀ, ਅੱਖਾਂ ਜੋ ਨਾ ਵੇਖਣ ਅਤੇ ਕੰਨ ਜੋ ਨਾ ਸੁਣਨ।**

**ਆਇਤਾਂ 9, 10.** ਫਿਰ ਪੌਲੁਸ ਜ਼ਬੂਰ 69, ਉਹ ਜ਼ਬੂਰ ਜਿਸ ਦੀ ਵਰਤੋਂ ਯਿਸੂ ਅਤੇ ਅਰੰਭਕ ਮਸੀਹੀਆਂ ਨੇ ਅਕਸਰ ਕੀਤੀ (ਯੂਹੰਨਾ 2:17; 15:25; ਰਸੂਲਾਂ 1:20; ਰੋਮੀਆਂ 15:3), ਵਿੱਚੋਂ ਬੋਲਦਾ ਹੈ: **ਅਤੇ ਦਾਊਦ ਆਖਦਾ ਹੈ, -ਓਹਨਾਂ ਦੀ ਮੇਜ਼ ਫਾਹੀ ਅਤੇ ਫੰਦਾ, ਠੋਕਰ ਅਤੇ ਬਦਲਾ**

**ਬਣ ਜਾਵੇ। ਓਹਨਾਂ ਦੀਆਂ ਅੱਖਾਂ ਉੱਤੇ ਅਨ੍ਹੇਰਾ ਛਾ ਜਾਵੇ ਜੋ ਓਹ ਨਾ ਵੇਖਣ, ਅਤੇ ਓਹਨਾਂ ਦੀ ਪਿੱਠ ਸਦਾ ਤੀਕ ਝੁਕਾਈ ਰੱਖ!** (ਜ਼ਬੂਰ 69:22, 23 ਵੇਖੋ)। ਦਾਊਦ ਨੇ ਪਰਮੇਸ਼ੁਰ ਨੂੰ ਉਸ ਦੇ ਵਿਰੋਧੀਆਂ ਦੇ ਵਿਰੁੱਧ ਕਈ ਕੁਝ ਕਰਨ ਲਈ ਆਖਿਆ, ਪਰ ਪੌਲੁਸ ਦੇ ਵਿਚਾਰਾਂ ਨਾਲ ਸਿੱਧੇ ਮੇਲ ਖਾਣ ਵਾਲਾ ਹਿੱਸਾ ਇਹ ਹੈ: "ਓਹਨਾਂ ਦੀਆਂ ਅੱਖਾਂ ਉੱਤੇ ਅਨ੍ਹੇਰਾ ਛਾ ਜਾਵੇ ਜੋ ਓਹ ਨਾ ਵੇਖਣ।" ਇਸਰਾਏਲ (ਵੱਡੇ ਛੱਲੇ) ਦੀਆਂ "ਅੱਖਾਂ" ਉੱਤੇ "ਹਨੇਰਾ ਛਾਇਆ ਰਿਹਾ ਹੈ," ਤਾਂ ਜੋ ਜ਼ਿਆਦਾਤਰ ਯਹੂਦੀ ਪਰਮੇਸ਼ੁਰ ਵੱਲੋਂ ਦਿੱਤੇ ਗਏ ਪ੍ਰਮਾਣਾਂ ਨੂੰ ਨਾ "ਵੇਖਣ" ਭਈ ਯਿਸੂ ਹੀ ਉਹ ਮਸੀਹ ਹੈ, ਜਿਸ ਦੀ ਉਡੀਕ ਉਹ ਲੰਮੇ ਸਮੇਂ ਤੋਂ ਕਰਦੇ ਆ ਰਹੇ ਹਨ।

## ਯਹੂਦੀਆਂ ਦਾ ਠੁਕਰਾਇਆ ਜਾਣਾ ਅਤੇ ਗੈਰ-ਕੌਮਾਂ ਦਾ ਸਵੀਕਾਰ ਕੀਤਾ ਜਾਣਾ (11:11-16)

**11ਉਪਰੰਤ ਮੈਂ ਆਖਦਾ ਹਾਂ, ਭਲਾ ਓਹਨਾਂ ਇਸ ਲਈ ਠੇਡਾ ਖਾਧਾ ਜੋ ਡਿੱਗ ਪੈਣ? ਕਦੇ ਨਹੀਂ! ਸਗੋਂ ਓਹਨਾਂ ਦੀ ਭੁੱਲ ਦੇ ਕਾਰਨ ਪਰਾਈਆਂ ਕੌਮਾਂ ਨੂੰ ਮੁਕਤੀ ਪ੍ਰਾਪਤ ਹੋਈ ਭਈ ਓਹਨਾਂ ਨੂੰ ਅਣਖੀ ਬਣਾਵੇ। 12ਜੇ ਓਹਨਾਂ ਦੀ ਭੁੱਲ ਸੰਸਾਰ ਦਾ ਧਨ ਅਤੇ ਓਹਨਾਂ ਦਾ ਘਾਟਾ ਪਰਾਈਆਂ ਕੌਮਾਂ ਦਾ ਧਨ ਹੋਇਆ ਤਾਂ ਓਹਨਾਂ ਦੀ ਭਰਪੂਰੀ ਕੀ ਕੁਝ ਨਾ ਹੋਵੇਗੀ!**

**13ਪਰ ਮੈਂ ਤੁਸਾਂ ਪਰਾਈ ਕੌਮ ਵਾਲਿਆਂ ਨਾਲ ਬੋਲਦਾ ਹਾਂ। ਫੇਰ ਮੈਂ ਜੋ ਪਰਾਈਆਂ ਕੌਮਾਂ ਦਾ ਰਸੂਲ ਹਾਂ ਮੈਂ ਆਪਣੀ ਸੇਵਾ ਦੀ ਵਡਿਆਈ ਕਰਦਾ ਹਾਂ। 14ਭਈ ਮੈਂ ਕਿਵੇਂ ਆਪਣੀ ਜੱਦ ਨੂੰ ਅਣਖੀ ਬਣਾਵਾਂ ਅਤੇ ਓਹਨਾਂ ਵਿੱਚੋਂ ਕਈਆਂ ਨੂੰ ਬਚਾਵਾਂ। 15ਕਿਉਂਕਿ ਜੇ ਓਹਨਾਂ ਦਾ ਰੱਦਣਾ ਸੰਸਾਰ ਦਾ ਮਿਲਾਪ ਹੋਇਆ ਤਾਂ ਓਹਨਾਂ ਦਾ ਕਬੂਲ ਕੀਤਾ ਜਾਣਾ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਬਿਨਾ ਹੋਰ ਕੀ ਹੋਵੇਗਾ? 16ਅਤੇ ਜੇ ਪਹਿਲਾ ਪੇੜਾ ਪਵਿੱਤਰ ਹੈ ਤਾਂ ਸਾਰੀ ਤੌਣ ਭੀ ਪਵਿੱਤਰ ਹੋਵੇਗੀ ਅਤੇ ਜੇ ਜੜ੍ਹ ਪਵਿੱਤਰ ਹੈ ਤਾਂ ਡਾਲੀਆਂ ਭੀ ਪਵਿੱਤਰ ਹੋਣਗੀਆਂ।**

ਪੌਲੁਸ ਨੇ ਪੁੱਛਿਆ ਸੀ, "ਸੋ ਮੈਂ ਆਖਦਾ ਹਾਂ, ਕੀ ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਛੱਡ ਦਿੱਤਾ?" ਅਤੇ ਇਸ ਦਾ ਜਵਾਬ ਵੀ ਦਿੱਤਾ ਸੀ, ਨਹੀਂ (11:1)। ਇਸ ਸਿੱਟੇ ਦੇ ਸਮਰਥਨ ਵਜੋਂ ਉਸ ਨੇ ਪਹਿਲਾਂ ਦਰਸਾਇਆ ਕਿ ਪਰਮੇਸ਼ੁਰ ਨੇ ਯਹੂਦੀਆਂ ਨੂੰ *ਪੂਰੀ ਤਰ੍ਹਾਂ* ਨਹੀਂ ਠੁਕਰਾਇਆ ਸੀ। ਪੌਲੁਸ ਅਤੇ ਹੋਰਨਾਂ ਯਹੂਦੀਆਂ ਨੇ ਯਿਸੂ ਨੂੰ ਸਵੀਕਾਰ ਕੀਤਾ ਸੀ ਅਤੇ ਇਸ ਕਰਕੇ ਪਰਮੇਸ਼ੁਰ ਵੱਲੋਂ ਸਵੀਕਾਰ ਕਰ ਲਏ ਗਏ ਸਨ। ਉਸ ਨੇ ਦੂਜਾ ਪ੍ਰਮਾਣ ਇਹ ਦਿੱਤਾ ਕਿ ਪਰਮੇਸ਼ੁਰ ਵੱਲੋਂ ਯਹੂਦੀਆਂ ਦਾ ਠੁਕਰਾਇਆ ਜਾਣਾ *ਸਦਾਕਾਲ ਲਈ* ਨਹੀਂ ਹੋਇਆ ਸੀ। ਪਰਮੇਸ਼ੁਰ ਉਨ੍ਹਾਂ ਨੂੰ ਤੋਬਾ ਕਰਨ ਅਤੇ ਉਸ ਦੇ ਕੋਲ ਮੁੜ ਆਉਣ ਦਾ ਮੌਕਾ ਦੇ ਰਿਹਾ ਸੀ। ਅਧਿਆਇ 11 ਦੇ ਬਾਕੀ ਦੇ ਹਿੱਸੇ ਦਾ ਮੁੱਖ ਵਿਸ਼ਾ ਇਹੋ ਹੈ।

**ਆਇਤ 11.** ਪੌਲੁਸ ਨਵੇਂ ਹਿੱਸੇ ਦਾ ਅਰੰਭ ਇਨ੍ਹਾਂ ਸ਼ਬਦਾਂ ਨਾਲ ਕਰਦਾ ਹੈ, **ਉਪਰੰਤ ਮੈਂ ਆਖਦਾ ਹਾਂ**। ਇਹ ਮੰਨ ਲੈਣ ਤੋਂ ਬਾਅਦ, ਕਿ ਇਸਰਾਏਲ ਰਾਸ਼ਟਰ ਨੂੰ ਪਰਮੇਸ਼ੁਰ ਵੱਲੋਂ ਸਵੀਕਾਰ ਨਹੀਂ ਕੀਤਾ ਗਿਆ ਸੀ, ਉਸ ਨੇ ਪੁੱਛਿਆ, **ਭਲਾ ਓਹਨਾਂ** [ਯਹੂਦੀਆਂ ਨੇ] **ਇਸ ਲਈ ਠੇਡਾ ਖਾਧਾ ਜੋ ਡਿੱਗ ਪੈਣ** [πίπτω, *ਪਿਪਿਟੋ* ਤੋਂ]**?** ਇੱਕ ਵਾਰ ਫਿਰ ਪੌਲੁਸ ਆਪਣੇ ਪ੍ਰਸ਼ਨ ਦਾ ਜਵਾਬ ਆਪ

ਹੀ ਦਿੰਦਾ ਹੈ, **ਕਦੇ ਨਹੀਂ!** (11:1 ਵੇਖੋ)।

ਇੱਕ ਵਾਰ ਫਿਰ ਸਾਡੇ ਸਾਹਮਣੇ ਵਿਰੋਧ ਜਿਹੀ ਸਥਿਤੀ ਪੈਦਾ ਹੋ ਗਈ ਜਾਪਦੀ ਹੈ। ਆਇਤ 11 ਦਾ ਪਹਿਲਾ ਹਿੱਸਾ ਅਜਿਹਾ ਆਖਦਾ ਜਾਪਦਾ ਹੈ ਕਿ ਯਹੂਦੀ ਡਿੱਗੇ ਨਹੀਂ—ਪਰ ਆਇਤ 11 ਦਾ ਬਾਕੀ ਦਾ ਹਿੱਸਾ ਅਤੇ ਆਇਤ 12 ਯਹੂਦੀਆਂ ਦੀ "ਭੁੱਲ" ਅਤੇ "ਘਾਟੇ" ਬਾਰੇ ਗੱਲ ਕਰਦੀਆਂ ਹਨ, ਜਦਕਿ ਆਇਤ 15 ਉਨ੍ਹਾਂ ਦੇ "ਰੱਦੇ ਜਾਣ" ਬਾਰੇ ਆਖਦੀ ਹੈ। ਫਿਰ ਪੌਲੁਸ ਨੇ ਆਖਿਆ ਸੀ ਕਿ ਬੇਪਰਤੀਤੇ ਯਹੂਦੀਆਂ ਨੂੰ "ਪਰਮੇਸ਼ੁਰ ਨੇ . . . ਨਾ ਛੱਡਿਆ" (11:20, 21)। ਉਸ ਨੇ ਇਹ ਸਿੱਟਾ ਕੱਢਿਆ, "ਸੋ ਪਰਮੇਸ਼ੁਰ ਦੀ . . . ਕਰੜਾਈ ਵੇਖ। ਕਰੜਾਈ ਓਹਨਾਂ [ਯਹੂਦੀਆਂ] ਉੱਤੇ ਜਿਹੜੇ *ਡਿੱਗ ਪਏ* [*ਪਿਪਿਟੋ* ਤੋਂ] ਹਨ . . ." (11:22; ਜ਼ੋਰ ਦਿੱਤਾ ਗਿਆ ਹੈ)। ਯਹੂਦੀ ਡਿੱਗੇ *ਨਹੀਂ,* ਪਰ ਉਹ ਡਿੱਗੇ *ਵੀ*? ਇਹ ਤਾਂ ਸਪੱਸ਼ਟ ਹੀ ਹੈ ਕਿ ਆਇਤ 11 ਵਿਚਲੇ ਭਾਵ ਨੂੰ, ਕਿ ਯਹੂਦੀ ਡਿੱਗੇ *ਨਹੀਂ,* ਕਿਸੇ ਨਾ ਕਿਸੇ ਤਰੀਕੇ ਨਾਲ ਵਾਜਬ ਠਹਿਰਾਇਆ ਜਾਣਾ ਚਾਹੀਦਾ ਹੈ।

ਕੁਝ ਅਨੁਵਾਦ ਸਪੱਸ਼ਟਤਾ ਲਿਆਉਣ ਲਈ ਆਇਤ 11 ਵਿੱਚ ਕੁਝ ਸ਼ਬਦ ਜੋੜਦੇ ਹਨ। ਉਦਾਹਰਣ ਵਜੋਂ NIV ਇਸ ਤਰ੍ਹਾਂ ਆਖਦੀ ਹੈ, "ਭਲਾ ਓਹਨਾਂ ਇਸ *ਤਰ੍ਹਾਂ* ਠੇਡਾ ਖਾਧਾ ਜੋ ਡਿੱਗ *ਕੇ ਉੱਠ ਨਾ ਸਕਣ*?" (ਜ਼ੋਰ ਦਿੱਤਾ ਗਿਆ ਹੈ)। ਇਹ ਲਿਖਤ ਦੀ ਗਲਤ ਵਿਆਖਿਆ ਨਹੀਂ ਹੈ, ਕਿਉਂਕਿ ਬਾਕੀ ਦਾ ਅਧਿਆਇ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ *ਜੇਕਰ* ਯਹੂਦੀ ਬੇਪਰਤੀਤੀ ਵਿੱਚ ਅੜੇ ਨਾ ਰਹੇ ਤਾਂ ਉਨ੍ਹਾਂ ਦੇ ਲਈ ਆਸ ਬਾਕੀ ਰਹੇਗੀ।

ਜਦੋਂ ਯਹੂਦੀਆਂ ਨੇ ਯਿਸੂ, "ਠੇਡੇ ਖੁਆਉਣ ਵਾਲੇ ਪੱਥਰ" (9:32) ਤੋਂ ਠੇਡਾ ਖਾਧਾ, ਤਾਂ ਉਸ ਦਾ ਨਤੀਜਾ ਕੇਵਲ ਇਹ ਨਹੀਂ ਨਿਕਲਿਆ ਕਿ ਯਹੂਦੀ ਡਿੱਗ ਪਏ। ਯਹੂਦੀਆਂ ਦੇ ਡਿੱਗਣ ਦਾ ਪੌਲੁਸ ਨੇ ਇੱਕ *ਚੰਗਾ* ਨਤੀਜਾ ਵੀ ਵੇਖਿਆ: ਗੈਰ-ਕੌਮਾਂ ਦਾ ਪ੍ਰਭੂ ਨੂੰ ਸਵੀਕਾਰ ਕਰਨਾ। ਉਸ ਨੇ ਆਖਿਆ, **ਸਗੋਂ ਓਹਨਾਂ** [ਯਹੂਦੀਆਂ] **ਦੀ ਭੁੱਲ ਦੇ ਕਾਰਨ ਪਰਾਈਆਂ ਕੌਮਾਂ ਨੂੰ ਮੁਕਤੀ ਪ੍ਰਾਪਤ ਹੋਈ**। ਜਦ ਵੀ ਪੌਲੁਸ ਕਿਸੇ ਨਵੇਂ ਨਗਰ ਵਿੱਚ ਜਾਂਦਾ ਸੀ, ਪਹਿਲਾਂ ਉਹ ਯਹੂਦੀ ਸਭਾਘਰਾਂ ਵਿੱਚ ਜਾਂਦਾ ਸੀ। ਜਦੋਂ ਯਹੂਦੀਆਂ ਨੇ ਉਸ ਨੂੰ ਠੁਕਰਾ ਦਿੱਤਾ (ਜਿਵੇਂ ਕਿ ਉਹ ਹਮੇਸ਼ਾ ਕਰਦੇ ਆਏ ਸਨ), ਉਹ ਗੈਰ-ਕੌਮਾਂ ਵੱਲ ਮੁੜ ਗਿਆ (ਰਸੂਲਾਂ 13:46; 14:1; 18:6; 19:8, 9; 28:28)। ਇਸ ਤਰ੍ਹਾਂ ਯਹੂਦੀਆਂ ਦੀ ਭੁੱਲ (ਖੁਸ਼ਖਬਰੀ ਨੂੰ ਠੁਕਰਾਉਣਾ) ਸਦਕਾ ਗੈਰ-ਕੌਮਾਂ ਨੂੰ ਖੁਸ਼ਖਬਰੀ ਸੁਣਨ ਅਤੇ ਇਸ ਦੀ ਆਗਿਆਕਾਰੀ ਕਰਨ ਦਾ ਮੌਕਾ ਮਿਲ ਗਿਆ। ਇੱਕ ਭਾਵ ਅਨੁਵਾਦ ਇਸ ਤਰ੍ਹਾਂ ਲਿਖਦਾ ਹੈ, "ਜਦੋਂ ਉਹ [ਯਹੂਦੀ] ਬਾਹਰ ਚਲੇ ਗਏ ਤਾਂ ਬੂਹਾ ਖੁਲ੍ਹਾ ਛੱਡ ਗਏ ਅਤੇ ਬਾਹਰ ਵਾਲੇ [ਗੈਰ-ਕੌਮਾਂ] ਅੰਦਰ ਆ ਗਏ" (MSG)। ਇਹ ਗੱਲ ਚੇਤੇ ਰੱਖੀ ਜਾਵੇ ਕਿ ਯਹੂਦੀਆਂ ਵੱਲੋਂ ਖੁਸ਼ਖਬਰੀ ਨੂੰ ਠੁਕਰਾਉਣ ਸਦਕਾ ਗੈਰ-ਕੌਮਾਂ ਕੋਲ ਖੁਸ਼ਖਬਰੀ ਲਿਜਾਣ ਦਾ *ਮੌਕਾ* ਮਿਲਿਆ, *ਕਾਰਣ* ਨਹੀਂ। ਜੇਕਰ ਯਹੂਦੀ ਪੌਲੁਸ ਦੇ ਸੁਨੇਹੇ ਨੂੰ ਸਵੀਕਾਰ ਕਰ ਲੈਂਦੇ, ਤਦ ਵੀ ਉਸ ਨੇ ਗੈਰ-ਕੌਮਾਂ ਵਿੱਚ ਪ੍ਰਚਾਰ ਕਰਨਾ ਸੀ।

ਪਰ ਪਰਮੇਸ਼ੁਰ ਦੀ ਮਨਸ਼ਾ ਇਹ ਨਹੀਂ ਸੀ ਕਿ ਗੈਰ-ਕੌਮਾਂ ਦਾ ਪ੍ਰਭੂ ਵਿੱਚ ਆਉਣਾ ਸਾਰੀਆਂ ਘਟਨਾਵਾਂ ਦਾ ਅੰਤ ਹੋਵੇ। ਸਗੋਂ ਉਹ ਗੈਰ-ਕੌਮਾਂ ਦੀ ਮੁਕਤੀ ਇਸ ਕਰਕੇ ਚਾਹੁੰਦਾ ਸੀ **ਭਈ ਓਹਨਾਂ** [ਯਹੂਦੀਆਂ] **ਨੂੰ ਅਣਖੀ ਬਣਾਵੇ।** ਇਹ ਵਿਚਾਰ ਕਿ ਗੈਰ-ਕੌਮਾਂ ਦਾ ਸਵੀਕਾਰ ਕੀਤਾ ਜਾਣਾ ਯਹੂਦੀਆਂ ਨੂੰ ਅਣਖੀ ਬਣਾਵੇਗਾ, ਪਹਿਲਾਂ ਪੌਲੁਸ ਦੁਆਰਾ 10:19 ਪੇਸ਼ ਕੀਤਾ ਗਿਆ ਸੀ: "ਮੈਂ

ਓਹਨਾਂ ਤੋਂ ਜੋ ਕੌਮ ਨਹੀਂ ਹੈ [ਅਰਥਾਤ ਗੈਰ-ਕੌਮਾਂ ਤੋਂ], ਤੁਹਾਨੂੰ [ਯਹੂਦੀਆਂ ਨੂੰ] ਅਣਖੀ ਬਣਾਵਾਂਗਾ" (10:19 ਦੀਆਂ ਟਿੱਪਣੀਆਂ ਵੇਖੋ)।

"ਅਣਖੀ" ਸ਼ਬਦ ਕੁਝ ਪਾਠਕਾਂ ਨੂੰ ਥੋੜਾ ਅਜੀਬ ਜਾਪੇਗਾ ਕਿ ਇੱਥੇ ਇਸ ਦੀ ਵਰਤੋਂ ਕਿਉਂ ਕੀਤੀ ਗਈ ਹੈ। "ਅਣਖੀ" ਨੂੰ παραζηλόω (*ਪਾਰਾਜ਼ਿਲੁਓ*) ਤੋਂ ਅਨੁਵਾਦ ਕੀਤਾ ਗਿਆ ਹੈ, ਜੋ ζηλόω (*ਜ਼ਿਲੁਓ*) ਹੈ ਜਿਸ ਨੂੰ παρά (*ਪਾਰਾ*) ਜੋੜ ਕਿ ਵਧੇਰੇ ਭਾਵੁਕ ਬਣਾਇਆ ਗਿਆ ਹੈ। *ਜ਼ਿਲੁਓ* ਦਾ ਮੂਲ ਸ਼ਬਦ ζέω (*ਜ਼ਿਓ*) ਹੈ, ਜਿਸ ਦਾ ਅਰਥ ਹੈ, "ਉਬਾਲੇ ਮਾਰਨਾ, ਗਰਮ ਹੋਣਾ।"[9] *ਜ਼ਿਲੁਓ* ਦਾ ਅਰਥ "ਈਰਖਾਲੂ ਹੋਣਾ" ਜਾਂ "ਸਰਗਰਮ ਹੋਣਾ" ਵੀ ਹੋ ਸਕਦਾ ਹੈ[10] (ਈਰਖਾ ਅਤੇ ਸਰਗਰਮੀ ਦੋਹੇਂ ਹੀ ਸਾਡੇ ਅੰਦਰ ਗਰਮੀ ਪੈਦਾ ਕਰਦੇ ਹਨ)। *ਜ਼ਿਲੁਓ* ਅਤੇ ਇਸ ਦੇ ਨਾਲ ਸੰਬੰਧਤ ਸ਼ਬਦਾਂ ਦੀ ਵਰਤੋਂ ਅਕਸਰ ਬੁਰੇ ਭਾਵ ਵਿੱਚ ਕੀਤੀ ਜਾਂਦੀ ਹੈ (1 ਕੁਰਿੰਥੀਆਂ 13:4 ਵੇਖੋ), ਪਰ ਹਮੇਸ਼ਾ ਨਹੀਂ। ਪੌਲੁਸ ਨੇ ਕੁਰਿੰਥੀਆਂ ਨੂੰ ਆਖਿਆ ਕਿ "ਆਤਮਕ ਦਾਨਾਂ ਨੂੰ ਲੋਚੋ [*ਜ਼ਿਲੁਓ* ਤੋਂ]" (1 ਕੁਰਿੰਥੀਆਂ 14:1)।

ਰੋਮੀਆਂ 10:19 ਅਤੇ 11:11, 14 ਵਿੱਚ ਆਏ ਸ਼ਬਦ "ਅਣਖੀ" ਨੂੰ *ਸਰਗਰਮੀ ਨਾਲ ਚਾਹੁਣ ਵਾਲਾ* ਵਜੋਂ ਸਮਝਿਆ ਜਾਣਾ ਚਾਹੀਦਾ ਹੈ।[11] ਪੌਲੁਸ ਆਸ ਕਰ ਰਿਹਾ ਸੀ ਕਿ ਗੈਰ-ਕੌਮਾਂ ਨੂੰ ਮਸੀਹ ਦੇ ਰਾਜ (ਕਲੀਸਿਆ) ਦੀਆਂ ਅਸੀਸਾਂ ਦਾ ਅਨੰਦ ਮਾਣਦਿਆਂ ਵੇਖ ਕੇ ਯਹੂਦੀ ਵੀ ਇਨ੍ਹਾਂ ਅਸੀਸਾਂ ਨੂੰ ਪ੍ਰਾਪਤ ਕਰਨ ਦੀ *ਤੀਬਰ ਇੱਛਾ* ਨਾਲ ਭਰ ਜਾਣ। ਉਹ ਆਸ ਕਰ ਰਿਹਾ ਸੀ ਕਿ ਉਨ੍ਹਾਂ ਦੀ ਇਹ ਇੱਛਾ ਐਨੀ ਤੀਬਰ ਹੋ ਜਾਵੇ ਕਿ ਇਹ ਉਨ੍ਹਾਂ ਦਿਆਂ ਮਨਾਂ ਵਿੱਚ ਬਣੀਆਂ ਗਲਤ ਧਾਰਣਾਵਾਂ ਨੂੰ ਸਮਾਪਤ ਕਰਕੇ ਉਨ੍ਹਾਂ ਦੇ ਹਿਰਦੇ ਨੂੰ ਯਿਸੂ ਦੇ ਲਈ ਖੋਲ੍ਹ ਦੇਵੇ। ਇਨ੍ਹਾਂ ਘਟਨਾਵਾਂ ਦੀ ਸਿਲਸਿਲੇਵਾਰ ਲੜੀ ਇਸ ਤਰ੍ਹਾਂ ਦਿਖਾਈ ਦੇਵੇਗੀ:

ਯਹੂਦੀਆਂ ਦਾ ਠੁਕਰਾਇਆ ਜਾਣਾ (ਪਰਮੇਸ਼ੁਰ ਵੱਲੋਂ)
ਗੈਰ-ਕੌਮਾਂ ਦਾ ਸਵੀਕਾਰ ਕੀਤਾ ਜਾਣਾ (ਪਰਮੇਸ਼ੁਰ ਵੱਲੋਂ)
ਯਹੂਦੀਆਂ ਦਾ ਸਵੀਕਾਰ ਕੀਤਾ ਜਾਣਾ (ਪਰਮੇਸ਼ੁਰ ਵੱਲੋਂ)

ਇਸ ਲੜੀ ਨੂੰ ਚੇਤੇ ਰੱਖਿਆ ਜਾਣਾ ਚਾਹੀਦਾ ਹੈ। ਅਧਿਆਇ 11 ਵਿੱਚ ਪੌਲੁਸ ਕਈ ਵਾਰ ਆਖਦਾ ਹੈ ਕਿ ਕਿਵੇਂ ਪਰਮੇਸ਼ੁਰ ਨੇ ਯਹੂਦੀਆਂ ਵਿੱਚ ਵਿਸ਼ਵਾਸ ਪੈਦਾ ਕਰਨ ਲਈ ਇਸ ਲੜੀ ਦੀ ਵਰਤੋਂ ਕੀਤੀ। ਸਾਡਾ ਪਰਮੇਸ਼ੁਰ ਅਜਿਹਾ ਪਰਮੇਸ਼ੁਰ ਹੈ ਜਿਹੜਾ ਕਿਸੇ ਬਹੁਤ ਮਾੜੀ ਚੀਜ਼ ਵਿੱਚੋਂ ਕੋਈ ਬਹੁਤ ਵਧੀਆ ਚੀਜ਼ ਤਿਆਰ ਕਰਨ ਦੇ ਯੋਗ ਹੈ।

**ਆਇਤ 12.** ਜਦੋਂ ਪੌਲੁਸ ਨੇ ਆਪਣੇ ਸਾਥੀ ਯਹੂਦੀਆਂ ਦੀ ਮੁਕਤੀ ਬਾਰੇ ਸੋਚਿਆ, ਉਹ ਉਤਸ਼ਾਹ ਨਾਲ ਭਰ ਗਿਆ। **ਜੇ ਓਹਨਾਂ** [ਯਹੂਦੀਆਂ] **ਦੀ ਭੁੱਲ ਸੰਸਾਰ ਦਾ** [ਆਤਮਕ] **ਧਨ ਅਤੇ ਓਹਨਾਂ ਦਾ** [ਆਤਮਕ] **ਘਾਟਾ ਪਰਾਈਆਂ ਕੌਮਾਂ ਦਾ ਧਨ ਹੋਇਆ ਤਾਂ ਓਹਨਾਂ** [ਯਹੂਦੀਆਂ] **ਦੀ ਭਰਪੂਰੀ ਕੀਕੁਝ** [ਗੈਰ-ਕੌਮਾਂ ਲਈ ਧਨ] **ਨਾ ਹੋਵੇਗੀ!**

ਸਾਨੂੰ "ਭਰਪੂਰੀ" ਸ਼ਬਦ ਉੱਤੇ ਥੋੜਾ ਗੌਰ ਕਰਨ ਦੀ ਲੋੜ ਹੈ, ਕਿਉਂ ਜੋ ਇਸ ਅਧਿਆਇ ਦੇ ਅੰਤ ਵਿਚਲੇ ਵਿਵਾਦਗ੍ਰਸਤ ਹਿੱਸੇ ਦੇ ਲਈ ਇਹ ਸ਼ਬਦ ਇੱਕ ਨਵਾਂ ਮੋੜ ਲੈ ਕੇ ਆਉਂਦਾ ਹੈ (11:25

ਵੇਖੋ)। “ਭਰਪੂਰੀ” πλήρωμα (*ਪਲੇਰੋਮਾ*) ਤੋਂ ਹੈ, ਜਿਸ ਦਾ “ਅਰਥ ਹੈ ‘ਪੂਰਨਤਾ।’”[12] *ਪਲੇਰੋਮਾ* πλήρης (*ਪਲੇਰੇਸ*, “ਪੂਰਨ, ਭਰਿਆ”) ਅਤੇ πληρόω (*ਪਲੇਰੁਓ*, “ਭਰਨਾ, ਪੂਰਨ ਕਰਨਾ”) ਦੇ ਨਾਲ ਸੰਬੰਧਤ ਹੈ। ਇਨ੍ਹਾਂ ਸ਼ਬਦਾਂ ਦੀ ਵਰਤੋਂ ਰੋਮੀਆਂ ਵਿੱਚ ਅਕਸਰ ਕੀਤੀ ਗਈ ਹੈ (ਉਦਾਹਰਣ ਵਜੋਂ 1:29; 8:4; 13:8, 10; 15:13, 14 ਵੇਖੋ)। ਇਸ ਵੇਲੇ, ਸਾਡੀ ਚਿੰਤਾ ਇਹ ਹੈ ਕਿ “11:12 ਵਿੱਚ *ਪਲੇਰੋਮਾ* ਦਾ ਕੀ ਅਰਥ ਹੈ?” ਇਸ ਨੂੰ ਨਿਰਧਾਰਿਤ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹ ਵੇਖਣਾ ਹੈ ਕਿ ਪੌਲੁਸ ਨੇ ਇਸ ਦੀ ਵਰਤੋਂ ਕਿਵੇਂ ਕੀਤੀ ਹੈ: “ਭੁੱਲ” ਅਤੇ “ਘਾਟੇ” ਦੇ ਉਲਟ ਇੱਕ ਤੁਲਨਾ ਵਜੋਂ।

ਇਸ ਆਇਤ ਨੂੰ ਦੁਬਾਰਾ ਵੇਖੋ: “ਜੇ ਓਹਨਾਂ ਦੀ *ਭੁੱਲ* ਸੰਸਾਰ ਦਾ ਧਨ ਅਤੇ ਓਹਨਾਂ ਦਾ *ਘਾਟਾ* ਪਰਾਈਆਂ ਕੌਮਾਂ ਦਾ ਧਨ ਹੋਇਆ ਤਾਂ ਓਹਨਾਂ ਦੀ *ਭਰਪੂਰੀ* ਕੀ ਕੁਝ ਨਾ ਹੋਵੇਗੀ!” ਯਹੂਦੀਆਂ ਦੀ “ਭੂੱਲ” ਅਤੇ “ਘਾਟਾ” ਇਹ ਸੀ ਕਿ ਉਨ੍ਹਾਂ ਨੇ ਆਪਣੇ ਲਈ ਪਰਮੇਸ਼ੁਰ ਦੇ ਉਦੇਸ਼ ਨੂੰ ਠੁਕਰਾ ਦਿੱਤਾ ਸੀ, ਜਿਸ ਦੇ ਨਤੀਜੇ ਵਜੋਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਠੁਕਰਾ ਦਿੱਤਾ। ਜੇਕਰ ਅਜਿਹਾ ਹੈ ਤਾਂ ਯਹੂਦੀਆਂ ਦੀ “ਭਰਪੂਰੀ” ਇਹ ਹੋਣੀ ਚਾਹੀਦੀ ਹੈ ਕਿ ਉਹ ਪਰਮੇਸ਼ੁਰ ਦੇ ਉਦੇਸ਼ ਨੂੰ ਪੂਰਾ ਕਰਨ ਅਤੇ ਨਤੀਜੇ ਵਜੋਂ ਪਰਮੇਸ਼ੁਰ ਵੱਲੋਂ ਸਵੀਕਾਰ ਕੀਤੇ ਜਾਣ। ਆਇਤ 15, ਜਿਹੜੀ ਆਇਤ 12 ਦੇ ਸਮਾਂਤਰ ਹੈ, ਇਸ ਨੂੰ ਸਪੱਸ਼ਟ ਕਰਨ ਵਿੱਚ ਮਦਦ ਕਰਦੀ ਹੈ: “ਕਿਉਂਕਿ ਜੇ ਓਹਨਾਂ ਦਾ ਰੱਦਣਾ ਸੰਸਾਰ ਦਾ ਮਿਲਾਪ ਹੋਇਆ ਤਾਂ ਓਹਨਾਂ ਦਾ ਕਬੂਲ ਕੀਤਾ ਜਾਣਾ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਬਿਨਾ ਹੋਰ ਕੀ ਹੋਵੇਗਾ?”

ਸਾਨੂੰ 11:12 ਬਾਰੇ ਇੱਕ ਹੋਰ ਗੱਲ ’ਤੇ ਗੌਰ ਕਰਨਾ ਚਾਹੀਦਾ ਹੈ: NASB ਇਸ ਆਇਤ ਦੇ ਆਖਰੀ ਹਿੱਸੇ ਨੂੰ ਭਵਿੱਖ ਕਾਲ ਵਿੱਚ ਲਿਖਦੀ ਹੈ: “ਓਹਨਾਂ ਦੀ ਭਰਪੂਰੀ ਕੀ ਕੁਝ ਨਾ *ਹੋਵੇਗੀ!*” “ਹੋਵੇਗੀ” ਸ਼ਬਦ ਅਨੁਵਾਦਕਾਂ ਦੁਆਰਾ ਪਾਇਆ ਗਿਆ ਹੈ। ਯੂਨਾਨੀ ਲਿਖਤ ਵਿੱਚ ਕੇਵਲ ਐਨਾ ਹੀ ਹੈ “ਓਹਨਾਂ ਦੀ ਭਰਪੂਰੀ ਕੀ ਕੁਝ ਹੋਵੇ” (KJV ਵੇਖੋ)। ਨਿਯਮ ਇਹ ਹੈ ਕਿ ਜੇਕਰ ਕਿਸੇ ਆਇਤ ਦੇ ਕਿਸੇ ਹਿੱਸੇ ਵਿੱਚ ਕਿਰਿਆ ਨਹੀਂ ਦਿੱਤੀ ਗਈ ਹੈ, ਤਾਂ ਉੱਥੇ ਪਾਈ ਜਾਣ ਵਾਲੀ ਕਿਰਿਆ ਬਾਕੀ ਦੀ ਆਇਤ ਵਿੱਚ ਮੌਜੂਦ ਕਿਰਿਆਵਾਂ ਦੇ ਕਾਲ ਨਾਲ ਸਹਿਮਤ ਹੋਣੀ ਚਾਹੀਦੀ ਹੈ। ਸਮੱਸਿਆ ਇਹ ਹੈ ਕਿ ਆਇਤ 12 ਦੇ ਯੂਨਾਨੀ ਲਿਖਤ ਵਿੱਚ ਕੋਈ ਕਿਰਿਆ ਹੈ ਹੀ ਨਹੀਂ,[13] ਸੋ ਇਹ ਸਪੱਸ਼ਟ ਨਹੀਂ ਹੈ ਕਿ ਇੱਥੇ ਪਾਈ ਜਾਣ ਵਾਲੀ ਕਿਰਿਆ “ਹੈ” (ਵਰਤਮਾਨ ਕਾਲ) ਜਾਂ “ਹੋਵੇਗੀ” (ਭਵਿੱਖ ਕਾਲ) ਹੋਣੀ ਚਾਹੀਦੀ ਹੈ। ਆਰ. ਸੀ. ਐਚ. ਲੈਂਸਕੀ ਨੇ ਇਹ ਸਿੱਟਾ ਕੱਢਿਆ ਕਿ, ਜਦੋਂ ਪੌਲੁਸ ਨੇ ਯਹੂਦੀਆਂ ਦੀ “ਭਰਪੂਰੀ” ਦੀ ਗੱਲ ਕੀਤੀ, ਤਾਂ ਉਸ ਦੇ ਮਨ ਵਿੱਚ ਕੋਈ ਭਵਿੱਖ ਦੀ ਘਟਨਾ ਨਹੀਂ ਸੀ, ਸਗੋਂ ਉਹ ਸੀ ਜੋ ਉਸ ਦੇ ਦਿਨਾਂ ਵਿੱਚ ਹੋ ਰਿਹਾ ਸੀ:

> [ਪੌਲੁਸ] ਦਰਅਸਲ ਇਹ ਲਿਖਦਾ ਹੈ ਕਿ *ਤਦ* [ਉਸ ਵੇਲੇ] . . . ਯਹੂਦੀਆਂ ਦੇ ਡਿੱਗਣ ਅਤੇ ਘਾਟੇ ਨੂੰ ਸੰਸਾਰ ਦਾ, ਗਿਣਿਆ ਜਾਵੇ . . . [ਪੁੱਛਦਾ ਹੈ, ਕਿ ਜੇਕਰ ਅਜਿਹਾ ਹੈ ਤਾਂ, ਯਹੂਦੀ ਬਕੀਏ [ਸੱਚੇ ਇਸਰਾਏਲ] ਵੱਲੋਂ ਪ੍ਰਾਪਤ ਕੀਤੀ ਗਈ ਮੁਕਤੀ ਦੀ ਭਰਪੂਰੀ ਨੂੰ . . . ਉਸੇ ਤਰ੍ਹਾਂ ਸੰਸਾਰ ਦਾ, ਗੈਰ-ਕੌਮਾਂ ਦਾ “ਹੋਰ ਵਧੇਰੇ” ਧਨ ਕਿਉਂ ਨਾ ਗਿਣਿਆ ਜਾਵੇ?[14]

ਆਇਤ 12 ਵਿੱਚ ਪੌਲੁਸ ਦੇ ਕੁਝ ਸ਼ਬਦ ਅਸਪੱਸ਼ਟ ਹੋ ਸਕਦੇ ਹਨ, ਪਰ ਉਸ ਦਾ ਵਿਚਾਰ

ਸਪੱਸ਼ਟ ਹੈ: ਜੇਕਰ ਪਰਮੇਸ਼ੁਰ ਵੱਲੋਂ ਯਹੂਦੀਆਂ ਨੂੰ ਠੁਕਰਾਏ ਜਾਣ ਦਾ ਨਤੀਜਾ ਇਹ ਨਿਕਲਿਆ ਕਿ ਪਰਮੇਸ਼ੁਰ ਨੇ ਗੈਰ-ਕੌਮਾਂ ਨੂੰ ਸਵੀਕਾਰ ਕਰ ਲਿਆ, ਤਾਂ ਕਲਪਨਾ ਕਰੋ ਕਿ ਪਰਮੇਸ਼ੁਰ ਵੱਲੋਂ ਯਹੂਦੀਆਂ ਨੂੰ ਸਵੀਕਾਰ ਕੀਤੇ ਜਾਣ (ਜਦੋਂ ਉਹ ਤੋਬਾ ਕਰਕੇ ਉਸ ਕੋਲ ਮੁੜ ਆਉਣਗੇ) ਸਦਕਾ ਗੈਰ-ਕੌਮਾਂ ਨੂੰ ਹੋਰ ਕਿੰਨੇ ਲਾਭ ਪ੍ਰਾਪਤ ਹੋਣਗੇ! ਇੱਕ ਲਾਭ ਇਹ ਹੋਵੇਗਾ ਕਿ ਪਤਰਸ ਅਤੇ ਪੌਲੁਸ ਵਰਗੇ ਯਹੂਦੀ ਪ੍ਰਚਾਰਕ ਆਉਣਗੇ। ਕਹਿਣ ਦਾ ਭਾਵ ਇਹ ਹੈ ਕਿ ਯਹੂਦੀਆਂ ਦੇ ਸਵੀਕਾਰ ਕੀਤੇ ਜਾਣ ਦੇ ਨਤੀਜੇ ਵਜੋਂ ਹੋਰ ਵਧੇਰੇ ਗੈਰ-ਕੌਮਾਂ ਦੇ ਲੋਕ ਪ੍ਰਭੂ ਕੋਲ ਆਉਣਗੇ। ਪਹਿਲਾਂ ਦਿੱਤੀ ਗਈ ਲੜੀ ਨੂੰ ਹੋਰ ਵਿਸਥਾਰ ਨਾਲ ਇਸ ਤਰ੍ਹਾਂ ਵੇਖਿਆ ਜਾ ਸਕਦਾ ਹੈ:

ਯਹੂਦੀਆਂ ਦਾ ਠੁਕਰਾਇਆ ਜਾਣਾ (ਪਰਮੇਸ਼ੁਰ ਵੱਲੋਂ)
ਗੈਰ-ਕੌਮਾਂ ਦਾ ਸਵੀਕਾਰ ਕੀਤਾ ਜਾਣਾ (ਪਰਮੇਸ਼ੁਰ ਵੱਲੋਂ)
ਯਹੂਦੀਆਂ ਦਾ ਸਵੀਕਾਰ ਕੀਤਾ ਜਾਣਾ (ਪਰਮੇਸ਼ੁਰ ਵੱਲੋਂ)
ਹੋਰ ਵਧੇਰੇ ਗੈਰ-ਕੌਮਾਂ ਦਾ ਸਵੀਕਾਰ ਕੀਤਾ ਜਾਣਾ (ਪਰਮੇਸ਼ੁਰ ਵੱਲੋਂ)!

**ਆਇਤਾਂ 13, 14.** ਪੌਲੁਸ ਨੇ ਅਜੇ ਹੁਣੇ ਆਖਿਆ ਸੀ ਕਿ ਪਰਮੇਸ਼ੁਰ ਦੁਆਰਾ ਯਹੂਦੀਆਂ ਨੂੰ ਠੁਕਰਾਏ ਜਾਣ ਦੇ ਨਤੀਜੇ ਵਜੋਂ ਗੈਰ-ਕੌਮਾਂ ਨੂੰ ਸਵੀਕਾਰ ਕੀਤੇ ਜਾਣ ਦਾ ਮੌਕਾ ਮਿਲਿਆ (11:11)। ਕੁਝ ਗੈਰ-ਕੌਮਾਂ ਸ਼ਾਇਦ ਇਸ ਸਿੱਟੇ ’ਤੇ ਪੁੱਜ ਗਈਆਂ ਹੋਣ ਕਿ ਪਰਮੇਸ਼ੁਰ ਦੁਆਰਾ ਯਹੂਦੀਆਂ ਨੂੰ ਠੁਕਰਾਏ ਜਾਣ ਦਾ *ਕਾਰਣ* ਇਹ ਸੀ ਭਈ ਪਰਮੇਸ਼ੁਰ ਗੈਰ-ਕੌਮਾਂ ਨੂੰ ਸਵੀਕਾਰ ਕਰ ਸਕੇ (11:19 ਵੇਖੋ)। ਕਈ ਸਦੀਆਂ ਤੋਂ, ਯਹੂਦੀ—ਪਰਮੇਸ਼ੁਰ ਦੇ ਵਿਸ਼ੇਸ਼ ਰਾਸ਼ਟਰ ਵਜੋਂ—ਆਪਣੇ ਆਪ ਨੂੰ ਗੈਰ-ਕੌਮਾਂ ਤੋਂ ਸ੍ਰੇਸ਼ਠ ਸਮਝਦੇ ਆਏ ਸਨ। ਹੁਣ ਹਾਲਾਤ ਉਲਟ ਹੋ ਗਏ ਹਨ ਅਤੇ ਗੈਰ-ਕੌਮਾਂ ਅੱਗੇ ਇਹ ਸੋਚਣ ਦਾ ਪ੍ਰਲੋਭਣ ਆ ਸਕਦਾ ਹੈ ਕਿ ਉਹ ਯਹੂਦੀਆਂ ਤੋਂ ਸ੍ਰੇਸ਼ਠ ਹਨ। ਸੋ ਪੌਲੁਸ ਆਪਣਾ ਧਿਆਨ ਉਨ੍ਹਾਂ ਵੱਲ ਕਰਦਾ ਹੈ: **ਪਰ ਮੈਂ ਤੁਸਾਂ ਪਰਾਈ ਕੌਮ ਵਾਲਿਆਂ ਨਾਲ ਬੋਲਦਾ ਹਾਂ।** ਇੱਥੋਂ ਲੈ ਕੇ ਅਧਿਆਇ ਦੇ ਅੰਤ ਤੱਕ ਉਸ ਦੀਆਂ ਟਿੱਪਣੀਆਂ ਵਿਸ਼ੇਸ਼ ਤੌਰ ’ਤੇ ਗੈਰ-ਕੌਮਾਂ ਦੇ ਮਸੀਹੀਆਂ ਨੂੰ ਸੰਬੋਧਤ ਹਨ।

ਰਸੂਲ ਪੌਲੁਸ ਇਨ੍ਹਾਂ ਗੈਰ-ਕੌਮਾਂ ਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਉਨ੍ਹਾਂ ਕੋਲ ਘਮੰਡ ਕਰਨ ਦਾ ਕੋਈ ਕਾਰਣ ਨਹੀਂ ਹੈ, ਕਿਉਂਕਿ ਯਹੂਦੀਆਂ ਨੂੰ ਸਦਾਕਾਲ ਲਈ ਨਹੀਂ ਠੁਕਰਾਇਆ ਗਿਆ ਹੈ। ਪਰਮੇਸ਼ੁਰ ਨੂੰ ਅਜੇ ਵੀ ਯਹੂਦੀਆਂ ਦੀ ਚਿੰਤਾ ਹੈ ਅਤੇ ਜੇਕਰ ਉਹ ਆਪਣੇ ਢੀਠਪੁਣੇ ਨੂੰ ਛੱਡ ਕੇ ਯਿਸੂ ’ਤੇ ਵਿਸ਼ਵਾਸ ਕਰ ਲੈਣ ਤਾਂ ਉਹ ਅਜੇ ਵੀ ਉਨ੍ਹਾਂ ਨੂੰ ਸਵੀਕਾਰ ਕਰਨ ਨੂੰ ਤਿਆਰ ਹੈ। ਪੌਲੁਸ ਨੇ ਆਖਿਆ, **ਫੇਰ ਮੈਂ ਜੋ ਪਰਾਈਆਂ ਕੌਮਾਂ ਦਾ ਰਸੂਲ ਹਾਂ** [1:1, 5; 15:16 ਵੇਖੋ] **ਮੈਂ ਆਪਣੀ ਸੇਵਾ ਦੀ ਵਡਿਆਈ ਕਰਦਾ ਹਾਂ। ਭਈ ਮੈਂ ਕਿਵੇਂ ਆਪਣੀ ਜੱਦ ਨੂੰ ਅਣਖੀ ਬਣਾਵਾਂ ਅਤੇ ਓਹਨਾਂ ਵਿੱਚੋਂ ਕਈਆਂ ਨੂੰ ਬਚਾਵਾਂ।** “ਵਡਿਆਈ ਕਰਦਾ ਹਾਂ” ਲਈ ਜਿਸ ਯੂਨਾਨੀ ਸ਼ਬਦ ਦਾ ਅਨੁਵਾਦ ਕੀਤਾ ਗਿਆ ਹੈ ਉਹ (δοξάζω, *ਡੋਕਸਾਜ਼ੋ*) ਹੈ, ਜਿਸ ਦਾ ਸ਼ਾਬਦਿਕ ਅਰਥ ਹੈ “ਮਹਿਮਾ ਕਰਨਾ।” ਪੌਲੁਸ ਦੀ ਮੁਢਲੀ ਸੇਵਾ ਗੈਰ-ਕੌਮਾਂ ਵਿੱਚਕਾਰ ਸੀ, ਪਰ ਉਹ ਆਪਣੇ ਦੇਸਵਾਸੀਆਂ ਦੀ ਬਹੁਤ ਚਿੰਤਾ ਕਰਦਾ ਸੀ (9:1-3; 10:1) ਅਤੇ ਆਪਣੀ ਸੇਵਾ ਨੂੰ ਉਸ ਵੇਲੇ “ਮਹਿਮਾਵਾਨ” ਜਾਣਦਾ

ਸੀ ਜਦੋਂ ਯਹੂਦੀ ਵੀ ਵਿਸ਼ਵਾਸ ਵਿੱਚ ਆਉਂਦੇ ਸਨ।

ਆਇਤਾਂ 13 ਅਤੇ 14 ਵਿੱਚ ਪੌਲੁਸ ਦੁਬਾਰਾ ਇਸ ਆਸ ਨੂੰ ਦਰਸਾਉਂਦਾ ਹੈ ਕਿ ਗੈਰ-ਕੌਮਾਂ ਨੂੰ ਮਸੀਹ ਦੇ ਰਾਜ ਦੀਆਂ ਅਸੀਸਾਂ ਦਾ ਅਨੰਦ ਮਾਣਦਿਆਂ ਵੇਖ ਕੇ ਯਹੂਦੀ ਵੀ ਇਨ੍ਹਾਂ ਅਸੀਸਾਂ ਨੂੰ ਪ੍ਰਾਪਤ ਕਰਨ ਲਈ "ਅਣਖ" (ਇੱਕ *ਤੀਬਰ* ਇੱਛਾ) ਨਾਲ ਭਰ ਜਾਣ—ਅਤੇ ਯਿਸੂ 'ਤੇ ਵਿਸ਼ਵਾਸ ਕਰਨ ਲਈ ਤਿਆਰ ਹੋ ਜਾਣ (11:11 ਦੀ ਟਿੱਪਣੀ ਨੂੰ ਵੇਖੋ)। ਉਹ ਸਭਨਾਂ ਯਹੂਦੀਆਂ ਦੇ ਪਰਿਵਰਤਨ ਦੀ ਉਮੀਦ ਨਹੀਂ ਕਰ ਰਿਹਾ ਸੀ, ਪਰ ਉਸ ਦੀ ਇਹ ਆਸ ਜ਼ਰੂਰ ਸੀ ਕਿ ਉਹ "ਕਈਆਂ ਨੂੰ ਬਚਾ ਸਕੇ" (1 ਕੁਰਿੰਥੀਆਂ 9:20, 22)।

ਆਇਤ 15. ਪੌਲੁਸ ਅੱਗੇ ਆਖਦਾ ਹੈ, ਕਿਉਂਕਿ ਜੇ [ਪਰਮੇਸ਼ਰ ਵੱਲੋਂ] ਓਹਨਾਂ ਦਾ [ਯਹੂਦੀਆਂ ਦਾ] ਰੱਦਣਾ [ਗੈਰਯਹੂਦੀ] ਸੰਸਾਰ ਦਾ ਮਿਲਾਪ ਹੋਇਆ ਤਾਂ [ਪਰਮੇਸ਼ਰ ਵੱਲੋਂ] ਓਹਨਾਂ ਦਾ [ਯਹੂਦੀਆਂ ਦਾ] ਕਬੂਲ ਕੀਤਾ ਜਾਣਾ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਬਿਨਾ ਹੋਰ ਕੀ ਹੋਵੇਗਾ? 14 ਅਤੇ 15 ਆਇਤ ਵਿੱਚ, ਸਾਨੂੰ ਘਟਨਾਵਾਂ ਦੀ ਉਹੀ ਤਰਤੀਵ ਦਿੱਤੀ ਗਈ ਹੈ ਜਿਹੜੀ ਪਹਿਲਾਂ ਦਿੱਤੀ ਗਈ ਸੀ (11:11 ਦੀਆਂ ਟਿੱਪਣੀਆਂ ਵੇਖੋ)। ਜਦੋਂ ਯਹੂਦੀਆਂ ਨੇ ਖੁਸ਼ਖਬਰੀ ਨੂੰ ਠੁਕਰਾ ਦਿੱਤਾ, ਤਾਂ ਉਨ੍ਹਾਂ ਨੂੰ ਪਰਮੇਸ਼ਰ ਨੇ ਠੁਕਰਾ ਦਿੱਤਾ। ਇਸ ਤੋਂ ਗੈਰਯਹੂਦੀਆਂ ਵਿੱਚ ਖੁਸ਼ਖਬਰੀ ਦੇ ਪ੍ਰਚਾਰ ਦਾ ਅਵਸਰ ਸਾਹਮਣੇ ਆਇਆ, ਜਿਸ ਦੇ ਨਤੀਜੇ ਵਜੋਂ ਖੁਸ਼ਖਬਰੀ ਨੂੰ ਸਵੀਕਾਰ ਕਰਨ ਵਾਲੇ ਗੈਰਯਹੂਦੀਆਂ ਦਾ ਪਰਮੇਸ਼ਰ ਦੇ ਨਾਲ ਮੇਲ ਹੋ ਗਿਆ (ਉਨ੍ਹਾਂ ਨੂੰ ਮੁਕਤੀ ਮਿਲ ਗਈ)। ਪੌਲੁਸ ਨੇ ਆਸ ਜਤਾਈ ਕਿ ਪ੍ਰਭੂ ਵੱਲੋਂ ਗੈਰਯਹੂਦੀਆਂ ਨੂੰ ਸਵੀਕਾਰ ਕਰ ਲਏ ਜਾਣ ਨੂੰ ਵੇਖ ਕੇ ਯਹੂਦੀਆਂ ਵਿੱਚ ਵੀ ਮੁਕਤੀ ਪ੍ਰਾਪਤ ਕਰਨ ਦੀ ਤਾਂਘ ਜਾਗ ਜਾਵੇ (11:14)।

ਪੌਲੁਸ ਆਖਦਾ ਹੈ ਕਿ ਜੇਕਰ ਅਜਿਹਾ ਹੋਇਆ [ਪਰਮੇਸ਼ਰ ਵੱਲੋਂ] ਓਹਨਾਂ ਦਾ ਕਬੂਲ ਕੀਤਾ ਜਾਣਾ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਬਿਨਾ "ਹੋਰ ਕੀ ਹੋਵੇਗਾ"? ਪੌਲੁਸ ਨੇ ਯਹੂਦੀਆਂ ਦੇ ਬਚਾਏ ਜਾਣ ਲਈ ਇੱਕ ਜਬਰਦਸਤ ਰੂਪਕ "ਮੁਰਦਿਆਂ ਵਿੱਚੋਂ ਜੀ ਉੱਠਣ" ਦੀ ਵਰਤੋਂ ਕੀਤੀ (11:14)। ਉਸ ਦੇ ਮਨ ਵਿੱਚ ਸਰੀਰਕ ਜੀ ਉੱਠਣ ਬਜਾਇ ਆਤਮਕ ਪੁਨਰਉੱਥਾਨ ਸੀ (ਵੇਖੋ 6:4, 5)। ਇਹ ਭਾਸ਼ਾ ਉਨ੍ਹਾਂ ਸ਼ਬਦਾਂ ਦੀ ਯਾਦ ਦਿਵਾਉਂਦੀ ਹੈ ਜਿਹੜੇ ਉਜਾੜੂ ਪੁੱਤਰ ਦੇ ਪਿਤਾ ਵੱਲੋਂ ਉਸ ਦੀ ਵਾਪਸੀ ਵੇਲੇ ਬੋਲੇ ਗਏ ਸਨ: "ਕਿਉਂ ਜੋ ਮੇਰਾ ਇਹ ਪੁੱਤ੍ਰ ਮੋਇਆ ਹੋਇਆ ਸੀ ਅਤੇ ਫੇਰ ਜੀ ਪਿਆ ਹੈ" (ਲੂਕਾ 15:24)।

ਕੁਝ ਲੋਕ ਅਧਿਆਇ 11 ਦੀ ਵਿਆਖਿਆ ਮਸੀਹ ਦੀ ਵਾਪਸੀ ਤੋਂ ਠੀਕ ਪਹਿਲਾਂ ਹੋਣ ਵਾਲੀਆਂ ਘਟਨਾਵਾਂ ਵਜੋਂ ਕਰਦੇ ਹਨ। ਉਹ ਆਖਦੇ ਹਨ ਕਿ ਆਇਤ 15 ਵਿਚਲਾ "ਮੁਰਦਿਆਂ ਵਿੱਚੋਂ ਜੀ ਉੱਠਣਾ" ਯਿਸੂ ਦੀ ਵਾਪਸੀ ਵੇਲੇ ਸਾਰੀ ਮਨੁੱਖਜਾਤੀ ਦੇ ਸਰੀਰਕ ਤੌਰ 'ਤੇ ਜੀ ਉੱਠਣ ਵੱਲ ਇਸ਼ਾਰਾ ਕਰਦਾ ਹੈ। ਪਰ ਲਿਓਨ ਮੋਰਿਸ ਨੇ ਸਪੱਸ਼ਟ ਕੀਤਾ ਕਿ "ਪੌਲੁਸ ਵੱਲੋਂ ਇੱਥੇ ਵਰਤੇ ਗਏ ਸ਼ਬਦ ਹੋਰ ਕਿਸੇ ਵੀ ਥਾਂ 'ਤੇ ਆਮ ਪੁਨਰਉੱਥਾਨ ਲਈ ਨਹੀਂ ਵਰਤੇ ਗਏ ਹਨ।"[16] ਵਾਲਟਰ ਡਬਲਿਊ. ਵੈੱਸਲ ਨੇ ਟਿੱਪਣੀ ਕੀਤੀ ਕਿ "ਇਨ੍ਹਾਂ ਆਇਤਾਂ ਦਾ ਸੰਦਰਭ ਸਰੀਰਕ ਪੁਨਰਉੱਥਾਨ ਬਾਰੇ ਕੁਝ ਨਹੀਂ ਆਖਦਾ ਹੈ।"[17] ਵਿਲੀਅਮ ਹੈਂਡ੍ਰਿਕਸਨ ਨੇ ਰੋਮੀਆਂ 11:15 ਤੋਂ ਪਹਿਲਾਂ ਅਤੇ ਬਾਅਦ ਦੀਆਂ ਆਇਤਾਂ ਨੂੰ ਪਰਖਿਆ ਅਤੇ ਇਹ ਸਿੱਟਾ ਕੱਢਿਆ, "ਇਸ ਤਰ੍ਹਾਂ 'ਓਹਨਾਂ ਦਾ ਕਬੂਲ ਕੀਤਾ ਜਾਣਾ ਮੁਰਦਿਆਂ ਵਿੱਚੋਂ ਜੀ ਉੱਠਣ . . .' ਦੇ ਸੰਦਰਭ ਦੀ ਵਿਆਖਿਆ ਉਸ ਸੰਦਰਭ ਵਜੋਂ ਨਹੀਂ ਕੀਤੀ ਜਾ ਸਕਦੀ

ਜਿਸ ਨੂੰ ਕੁਝ ਲੋਕ ਸੰਸਾਰ ਦੇ ਅੰਤ ਵਿੱਚ ਹੋਣ ਵਾਲੀ ਘਟਨਾ ਦੇ ਰੂਪ ਵਿੱਚ ਵੇਖਦੇ ਹਨ।"[18]

ਪੌਲੁਸ ਸੰਸਾਰ ਦੇ ਅੰਤ ਵੇਲੇ ਨਹੀਂ, ਪਰ ਉਸ ਦੇ ਦਿਨਾਂ ਵਿੱਚ ਹੋਣ ਵਾਲੀਆਂ ਘਟਨਾਵਾਂ ਦੀ ਗੱਲ ਕਰ ਰਿਹਾ ਸੀ। ਜਦੋਂ ਉਸ ਨੇ ਆਪਣੇ ਸੰਗੀ ਯਹੂਦੀਆਂ ਦੀ ਮੁਕਤੀ ਬਾਰੇ ਸੋਚਿਆ ਤਾਂ ਉਸ ਦੇ ਮਨ ਵਿੱਚ ਸਭ ਤੋਂ ਢੁਕਵੀਂ ਮਿਸਾਲ ਇਹੋ ਆਈ, "ਮੁਰਦਿਆਂ ਵਿੱਚੋਂ ਜੀ ਉੱਠਣਾ।" ਇਸ ਦੇ ਨਾਲ ਮਿਲਦੀ ਜੁਲਦੀ ਉਦਾਹਰਣ ਲਈ ਹਿਜ਼ਕੀਏਲ ਵੱਲੋਂ ਇਸਰਾਏਲ ਦੀ ਪੁਨਰ ਸਥਾਪਨਾ ਲਈ ਕੀਤੀ ਗਈ ਕਲਪਨਾ ਨੂੰ ਵੇਖੋ (ਹਿਜ਼ਕੀਏਲ 37:1-14)।

ਇਸ ਤੋਂ ਪਹਿਲਾਂ ਕਿ ਅਸੀਂ ਆਇਤ 16 ਵੱਲ ਜਾਈਏ,ਆਇਤ 12 ਅਤੇ 15 ਦੀ ਤੁਲਨਾ ਕਰਨਾ ਲਾਭਕਾਰੀ ਹੋ ਸਕਦਾ ਹੈ। ਆਇਤ 12 ਆਖਦੀ ਹੈ, "ਜੇ ਓਹਨਾਂ ਦੀ [ਯਹੂਦੀਆਂ ਦੀ] ਭੁੱਲ ਸੰਸਾਰ ਦਾ ਧਨ ਅਤੇ ਓਹਨਾਂ ਦਾ ਘਾਟਾ ਪਰਾਈਆਂ ਕੌਮਾਂ ਦਾ ਧਨ ਹੋਇਆ ਤਾਂ ਓਹਨਾਂ ਦੀ ਭਰਪੂਰੀ ਕੀ ਕੁਝ ਨਾ ਹੋਵੇਗੀ!" ਆਇਤ 15 ਆਖਦੀ ਹੈ, "ਕਿਉਂਕਿ ਜੇ ਓਹਨਾਂ ਦਾ [ਯਹੂਦੀਆਂ ਦਾ] ਰੱਦਣਾ ਸੰਸਾਰ ਦਾ ਮਿਲਾਪ ਹੋਇਆ ਤਾਂ ਓਹਨਾਂ ਦਾ ਕਬੂਲ ਕੀਤਾ ਜਾਣਾ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਬਿਨਾ ਹੋਰ ਕੀ ਹੋਵੇਗਾ?" ਆਇਤ 12 ਉਸ ਕੰਮ ਬਾਰੇ ਦੱਸਦੀ ਹੈ ਜੋ ਯਹੂਦੀਆਂ ਨੇ ਕੀਤਾ, ਜਦਕਿ ਆਇਤ 15 ਯਹੂਦੀਆਂ ਦੇ ਉਸ ਕੰਮ ਦੇ ਨਤੀਜੇ ਬਾਰੇ ਦੱਸਦੀ ਹੈ। ਆਓ, ਹੁਣ ਇਨ੍ਹਾਂ ਦੋਹਾਂ ਆਇਤਾਂ ਨੂੰ ਇਕੱਠਿਆਂ ਲਿਖੀਏ: ਅਸੀਂ ਵੇਖਦੇ ਹਾਂ ਕਿ ਯਹੂਦੀਆਂ ਦੀ ਭੁੱਲ ਅਤੇ ਘਾਟੇ (11:12) ਦੇ ਨਤੀਜੇ ਵਜੋਂ ਪਰਮੇਸ਼ਰ ਨੇ ਉਨ੍ਹਾਂ ਨੂੰ ਠੁਕਰਾ ਦਿੱਤਾ (11:15), ਜਦਕਿ ਉਨ੍ਹਾਂ ਦੀ "ਭਰਪੂਰੀ" (11:12) ਦੇ ਨਤੀਜੇ ਵਜੋਂ ਪਰਮੇਸ਼ਰ ਨੇ ਉਨ੍ਹਾਂ ਨੂੰ ਕਬੂਲ ਕਰ ਲਿਆ (11:15)। ਜਿਵੇਂ ਕਿ 11:12 ਦੀ ਟਿੱਪਣੀਆਂ ਵਿੱਚ ਲਿਖਿਆ ਗਿਆ ਹੈ, ਇਸ ਸੰਦਰਭ ਵਿੱਚ "ਭਰਪੂਰੀ" ਸ਼ਬਦ ਦਾ ਅਰਥ ਹੈ ਕਿ ਉਹ ਪਰਮੇਸ਼ਰ ਦੇ ਉਦੇਸ਼ ਨੂੰ ਪੂਰਾ ਕਰਨ। ਇਸ ਦਾ ਕਿਸੇ ਕਲਪਨਾਤਮਕ "ਪੂਰੀ ਗਿਣਤੀ" ਤੋਂ ਨਹੀਂ ਹੈ, ਜਿਵੇਂ ਕਿ ਕੁਝ ਲੋਕ ਸੋਚਦੇ ਹਨ (11:25, 26 ਦੀਆਂ ਟਿੱਪਣੀਆਂ ਵੇਖੋ)।

**ਆਇਤ 16.** ਪੌਲੁਸ ਨੇ ਦੋ ਰੂਪਕਾਂ ਦੀ ਵਰਤੋਂ ਕੀਤੀ ਜਿਹੜੇ ਯਹੂਦੀਆਂ ਦੇ ਪ੍ਰਭੂ ਵੱਲ ਮੁੜ ਆਉਣ ਦੇ ਨਾਲ ਸੰਬਧਤ ਹਨ। ਪਹਿਲਾ, ਉਸ ਨੇ ਰਸਮੀ ਉਦਾਹਰਣ ਦੀ ਵਰਤੋਂ ਕੀਤੀ: **ਜੇ ਪਹਿਲਾ ਪੇੜਾ ਪਵਿੱਤਰ ਹੈ ਤਾਂ ਸਾਰੀ ਤੌਣ ਭੀ ਪਵਿੱਤਰ ਹੋਵੇਗੀ**। NIV ਇਸ ਨੂੰ ਇਸ ਤਰ੍ਹਾਂ ਲਿਖਦੀ ਹੈ, "ਜੇਕਰ ਤੌਣ ਵਿੱਚੋਂ ਪਹਿਲੇ ਫਲ ਵਜੋਂ ਭੇਟ ਚੜ੍ਹਾਇਆ ਗਿਆ ਹਿੱਸਾ ਪਵਿੱਤਰ ਹੈ ਤਾਂ ਸਾਰੀ ਤੌਣ ਹੀ ਪਵਿੱਤਰ ਹੈ।" ਪੁਰਾਣੇ ਨੇਮ ਵਿੱਚ ਵਾਢੀ ਕੀਤੀ ਗਈ ਫਸਲ ਦੇ ਪਹਿਲੇ ਹਿੱਸੇ (ਪਹਿਲੇ ਫਲ) ਵਿੱਚੋਂ ਬਣਾਈ ਗਈ ਤੌਣ ਦਾ ਕੁਝ ਹਿੱਸਾ ਯਹੋਵਾਹ ਨੂੰ ਭੇਟ ਚੜ੍ਹਾਇਆ ਜਾਂਦਾ ਸੀ (ਗਿਣਤੀ 15:17-21)। ਇਸ ਤਰ੍ਹਾਂ ਕਰਨ ਨਾਲ ਸਾਰੀ ਤੌਣ ਹੀ ਪਵਿੱਤਰ ਠਹਿਰਦੀ ਸੀ ਤਾਂ ਜੋ ਭੇਟ ਚੜ੍ਹਾਏ ਜਾਣ ਵਾਲੇ ਵਿਅਕਤੀ ਵੱਲੋਂ ਇਸ ਦੀ ਵਰਤੋਂ ਕੀਤੀ ਜਾ ਸਕੇ। ਜੇਕਰ 11:16 ਵਿੱਚ ਪੌਲੁਸ ਵੱਲੋਂ ਵਰਤੇ ਗਏ ਰੂਪਕ ਸਮਾਨਾਂਤਰ ਹਨ ਅਤੇ "ਤੌਣ ਦਾ ਪਹਿਲਾ ਪੇੜਾ" ਤੇ "ਜੜ੍ਹ" ਇੱਕ ਸਮਾਨ ਹਨ ਤਾਂ ਸੰਭਵ ਹੈ ਕਿ "ਤੌਣ ਦਾ ਪਹਿਲਾ ਪੇੜਾ" ਯਹੂਦੀ ਪੁਰਖਿਆਂ—ਵਿਸ਼ੇਸ਼ ਤੌਰ 'ਤੇ ਅਬਰਾਹਾਮ—ਵੱਲ ਇਸ਼ਾਰਾ ਕਰਦਾ ਹੈ। ਕਿਉਂ ਜੋ ਪੁਰਖੇ ਪਵਿੱਤਰ ਸਨ, ਇਸ ਕਰਕੇ ਪਰਮੇਸ਼ਰ ਨੇ ਉਨ੍ਹਾਂ ਦੇ "ਅਸਲੀ" ਵੰਸ਼ ਨੂੰ ਵੀ (ਜਿਨ੍ਹਾਂ ਨੇ ਉਨ੍ਹਾਂ ਦੇ ਵਿਸ਼ਵਾਸ ਦਾ ਅਨੁਸਰਣ ਕੀਤਾ) ਪਵਿੱਤਰ ਜਾਣਿਆ।

ਇਸ ਤੋਂ ਬਾਅਦ ਪੌਲੁਸ ਨੇ ਖੇਤੀ ਨਾਲ ਜੁੜੀ ਇੱਕ ਉਦਾਹਰਣ ਦੀ ਵਰਤੋਂ ਕੀਤੀ: **ਅਤੇ ਜੇ ਜੜ੍ਹ ਪਵਿੱਤਰ ਹੈ ਤਾਂ ਡਾਲੀਆਂ ਭੀ ਪਵਿੱਤਰ ਹੋਣਗੀਆਂ**। ਇਸ ਗੱਲ ਨੂੰ ਲੈ ਕੇ ਥੋੜੀ ਅਸਹਿਮਤੀ

ਹੈ ਕਿ "ਜੜ੍ਹ" ਕੀ (ਜਾਂ ਕੌਣ) ਹੈ। ਕੁਝ ਲੋਕ ਮੰਨਦੇ ਹਨ ਕਿ ਇਹ ਪਰਮੇਸ਼ਰ ਆਪ ਹੈ। ਜਦਕਿ ਹੋਰ ਲੋਕ ਆਖਦੇ ਹਨ ਕਿ ਇਹ ਪਰਮੇਸ਼ਰ ਦੀ ਛੁਟਕਾਰੇ ਦੀ ਯੋਜਨਾ ਹੈ। ਇਨ੍ਹਾਂ ਆਇਤਾਂ ਦੇ ਸੰਦਰਭ ਦੀ ਸੰਪੂਰਨਤਾ (11:16-24) ਨੂੰ ਵੇਖਦਿਆਂ "ਜੜ੍ਹ" ਨੂੰ "ਪੁਰਖੇ" ਆਖਿਆ ਜਾਣਾ ਉਚਿਤ ਲੱਗਦਾ ਹੈ (ਵੇਖੋ 11:28)—ਵਿਸ਼ੇਸ ਤੌਰ 'ਤੇ ਅਬਰਾਹਾਮ, ਜਿਸ ਨੂੰ ਮੁੱਢਲੇ ਤੌਰ 'ਤੇ ਪ੍ਰਤਿੱਗਿਆਵਾਂ ਦਿੱਤੀਆਂ ਗਈਆਂ ਸਨ। ਇਹ ਤਾਂ ਸਪੱਸ਼ਟ ਹੀ ਹੈ ਕਿ ਇਨ੍ਹਾਂ ਵੱਖ-ਵੱਖ ਚੋਣਾਂ ਵਿੱਚ ਕੋਈ ਵੱਡਾ ਮੁਕਾਬਲਾ ਨਹੀਂ ਹੈ: *ਪਰਮੇਸ਼ਰ ਦੀ ਛੁਟਕਾਰੇ ਦੀ ਯੋਜਨਾ* ਉਸ ਵੇਲੇ ਪਰਗਟ ਹੋਈ ਜਦੋਂ *ਪਰਮੇਸ਼ਰ* ਨੇ ਵੱਡਮੁੱਲੀਆਂ ਪ੍ਰਤਿੱਗਿਆਵਾਂ *ਅਬਰਾਹਾਮ* ਨੂੰ ਅਤੇ ਹੋਰਨਾਂ ਪੁਰਖਿਆਂ ਨੂੰ ਦਿੱਤੀਆਂ। ਜੇਕਰ ਪੌਲੁਸ ਦੇ ਮਨ ਵਿੱਚ ਅਬਰਾਹਾਮ ਸੀ ਤਾਂ ਆਇਤ 16 ਦੇ ਆਖਰੀ ਹਿੱਸੇ ਦਾ ਅਰਥ ਕੁਝ ਅਜਿਹਾ ਹੋ ਸਕਦਾ ਹੈ: "ਅਤੇ ਜੇ ਜੜ੍ਹ [ਅਬਰਾਹਾਮ] ਪਵਿੱਤਰ ਹੈ ਤਾਂ ਡਾਲੀਆਂ [ਉਹ ਲੋਕ 'ਜੋ ਸਾਡੇ ਪਿਤਾ ਅਬਰਾਹਾਮ ਦੀ ਉਸ ਨਿਹਚਾ ਦੀ ਚਾਲ ਚੱਲਦੇ ਹਨ' (4:12)] ਭੀ ਪਵਿੱਤਰ ਹੋਣਗੀਆਂ।"

ਇਸ ਹਿੱਸੇ ਵਿੱਚ ਪੌਲੁਸ ਬਾਰ-ਬਾਰ ਇਸੇ ਸੱਚਾਈ ਉੱਤੇ ਜ਼ੋਰ ਦਿੰਦਾ ਰਿਹਾ ਕਿ ਯਹੂਦੀਆਂ ਨੂੰ ਹਮੇਸ਼ਾ ਦੇ ਲਈ ਨਹੀਂ ਠੁਕਰਾਇਆ ਗਿਆ ਹੈ। ਕਿਉਂ ਜੋ ਮੁਕਤੀ ਦਾ ਦੁਆਰ ਯਹੂਦੀਆਂ ਦੇ ਲਈ ਅਜੇ ਵੀ ਖੁਲ੍ਹਾ ਹੈ, ਇਸ ਲਈ ਉਸੇ ਦੁਆਰ ਵਿੱਚੋਂ ਪ੍ਰਵੇਸ਼ ਕਰਨ ਵਾਲੇ ਗੈਰਯਹੂਦੀਆਂ ਕੋਲ ਘਮੰਡ ਕਰਨ ਦਾ ਕੋਈ ਕਾਰਨ ਨਹੀਂ ਹੈ।

## ਯਹੂਦੀਆਂ ਨੂੰ ਮੁੜ ਪੇਉਂਦ ਚਾੜ੍ਹਿਆ ਗਿਆ (11:17-24)

**[17]ਪਰ ਜੇ ਡਾਲੀਆਂ ਵਿੱਚੋਂ ਕਈਕੁ ਤੋੜੀਆਂ ਗਈਆਂ ਅਤੇ ਤੂੰ ਜਿਹੜਾ ਜੰਗਲੀ ਜ਼ੈਤੂਨ ਸੈਂ ਓਹਨਾਂ ਵਿੱਚ ਪੇਉਂਦ ਚਾੜ੍ਹਿਆ ਗਿਆ ਅਤੇ ਜ਼ੈਤੂਨ ਦੀ ਜੜ੍ਹ ਦੇ ਰਸ ਦਾ ਸਾਂਝੀ ਹੋਇਆ ਹੈਂ।
[18]ਤਾਂ ਉਨ੍ਹਾਂ ਡਾਲੀਆਂ ਉੱਤੇ ਘਮੰਡ ਨਾ ਕਰ ਅਤੇ ਭਾਵੇਂ ਤੂੰ ਘਮੰਡ ਕਰੇਂ ਤਾਂ ਵੀ ਤੂੰ ਜੜ੍ਹ ਨੂੰ ਨਹੀਂ ਸਮ੍ਹਾਲਦਾ ਪਰ ਜੜ੍ਹ ਤੈਨੂੰ ਸਮ੍ਹਾਲਦੀ ਹੈ। [19]ਫੇਰ ਤੂੰ ਆਖੇਂਗਾ, ਡਾਲੀਆਂ ਇਸ ਲਈ ਤੋੜੀਆਂ ਗਈਆਂ ਭਈ ਮੈਂ ਪੇਉਂਦ ਚਾੜ੍ਹਿਆ ਜਾਵਾਂ। [20]ਹੱਛਾ ਓਹ ਤਾਂ ਬੇਪਰਤੀਤੀ ਦੇ ਕਾਰਨ ਤੋੜੀਆਂ ਗਈਆਂ ਪਰ ਤੂੰ ਪਰਤੀਤ ਹੀ ਦੇ ਕਾਰਨ ਖਲੋਤਾ ਹੈਂ। ਗਰਬ ਨਾ ਕਰ ਸਗੋਂ ਡਰ। [21]ਕਿਉਂਕਿ ਜਦੋਂ ਪਰਮੇਸ਼ੁਰ ਨੇ ਅਸਲੀ ਡਾਲੀਆਂ ਨੂੰ ਨਾ ਛੱਡਿਆ ਤਾਂ ਤੈਨੂੰ ਭੀ ਨਾ ਛੱਡੇਗਾ। [22]ਸੋ ਪਰਮੇਸ਼ੁਰ ਦੀ ਦਿਆਲਗੀ ਅਤੇ ਕਰੜਾਈ ਵੇਖ। ਕਰੜਾਈ ਓਹਨਾਂ ਉੱਤੇ ਜਿਹੜੇ ਡਿੱਗ ਪਏ ਹਨ ਪਰ ਪਰਮੇਸ਼ੁਰ ਦੀ ਦਿਆਲਗੀ ਤੇਰੇ ਉੱਤੇ ਜੇ ਤੂੰ ਉਹ ਦੀ ਦਿਆਲਗੀ ਵਿੱਚ ਟਿਕਿਆ ਰਹੇਂ। ਨਹੀਂ ਤਾਂ ਤੂੰ ਭੀ ਵੱਢਿਆ ਜਾਵੇਂਗਾ। [23]ਅਤੇ ਓਹ ਵੀ ਜੋ ਬੇਪਰਤੀਤੀ ਵਿੱਚ ਟਿਕੇ ਨਾ ਰਹਿਣ ਤਾਂ ਪੇਉਂਦ ਚਾੜ੍ਹੇ ਜਾਣਗੇ ਕਿਉਂ ਜੋ ਪਰਮੇਸ਼ੁਰ ਨੂੰ ਸਮਰੱਥਾ ਹੈ ਜੋ ਉਨ੍ਹਾਂ ਨੂੰ ਫੇਰ ਪੇਉਂਦ ਚਾੜ੍ਹੇ। [24]ਕਿਉਂਕਿ ਜੇ ਤੂੰ ਉਸ ਜ਼ੈਤੂਨ ਦੇ ਰੁੱਖ ਨਾਲੋਂ ਵੱਢਿਆ ਗਿਆ ਜਿਹੜਾ ਸੁਭਾਉ ਕਰਕੇ ਜੰਗਲੀ ਹੈ ਅਤੇ ਸੁਭਾਉ ਦੇ ਵਿਰੁੱਧ ਚੰਗੇ ਜ਼ੈਤੂਨ ਦੇ ਰੁੱਖ ਨੂੰ ਪੇਉਂਦ ਚਾੜ੍ਹਿਆ ਗਿਆ ਤਾਂ ਏਹ ਜਿਹੜੀਆਂ ਅਸਲੀ ਡਾਲੀਆਂ ਹਨ ਆਪਣੇ ਹੀ ਜ਼ੈਤੂਨ ਦੇ ਰੁੱਖ ਨੂੰ ਕਿੰਨਾ ਕੁ ਵਧ ਕੇ ਪੇਉਂਦ ਨਾ ਚਾੜ੍ਹੀਆਂ ਜਾਣਗੀਆਂ!**

ਗੈਰਯਹੂਦੀਆਂ ਕੋਲ ਘਮੰਡ ਕਰਨ ਦਾ ਕੋਈ ਕਾਰਨ ਨਹੀਂ ਸੀ, ਕਿਉਂਕਿ ਪਰਮੇਸ਼ਰ ਨੇ ਉਨ੍ਹਾਂ

ਦੇ ਲਈ ਜੋ ਕੀਤਾ ਸੀ ਉਹ ਉਸ ਦੇ ਲਾਇਕ ਨਹੀਂ ਸਨ; ਉਨ੍ਹਾਂ ਦਾ ਸਵੀਕਾਰ ਕੀਤਾ ਜਾਣਾ ਪੂਰੀ ਤਰ੍ਹਾਂ ਨਾਲ ਕਿਰਪਾ 'ਤੇ ਅਧਾਰਿਤ ਸੀ। ਪੌਲੁਸ ਨੇ ਇਸ ਸੱਚਾਈ ਨੂੰ ਅਕਸਰ ਬਿਆਨ ਕੀਤਾ ਸੀ (ਜਿਵੇਂ ਕਿ 3:24 ਵਿੱਚ), ਪਰ ਇਸ ਵਾਰ ਇਸ ਵਿਸ਼ੇ ਲਈ ਉਹ ਇੱਕ ਅਸਾਧਾਰਨ ਤਰੀਕੇ ਦੀ ਵਰਤੋਂ ਕਰਦਾ ਹੈ—ਇੱਕ ਅਸਾਧਾਰਨ ਤਰੀਕਾ ਜਿਸ ਵਿੱਚ ਇੱਕ ਅਜਿਹਾ ਮੋੜ ਆਉਂਦਾ ਹੈ ਜਿਸ ਦੀ ਕਿਸੇ ਨੂੰ ਵੀ ਉਮੀਦ ਨਹੀਂ ਸੀ।

**ਆਇਤ 17.** ਆਇਤ 16 ਵਿੱਚ "ਜੜ੍ਹ" ਅਤੇ "ਡਾਲੀਆਂ" ਦੀ ਉਦਾਹਰਣ ਦੀ ਵਰਤੋਂ ਕਰਨ ਕਰਕੇ ਉਸ ਨੂੰ ਜ਼ੈਤੂਨ ਦੇ ਰੁੱਖ ਵਿੱਚ ਡਾਲੀਆਂ ਦੇ ਪੇਉਂਦ ਚਾੜ੍ਹੇ ਜਾਣ ਦੀ ਇੱਕ ਵਿਸਤ੍ਰਿਤ ਉਪਮਾ[19] ਦੀ ਵਰਤੋਂ ਕਰਨ ਦੀ ਪ੍ਰੇਰਣਾ ਮਿਲੀ। ਪੌਲੁਸ ਦੇ ਪਾਠਕ ਜ਼ੈਤੂਨ ਦੇ ਰੁੱਖਾਂ ਤੋਂ ਜਾਣੂ ਸਨ, ਪਰ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਨਹੀਂ ਹਨ। ਪੌਲੁਸ ਦੀ ਉਦਾਹਰਣ ਨੂੰ ਸਮਝਣ ਲਈ ਸਾਨੂੰ ਜ਼ੈਤੂਨ ਦੇ ਰੁੱਖਾਂ ਅਤੇ ਪੇਉਂਦ ਚਾੜ੍ਹੇ ਜਾਣ ਬਾਰੇ ਕੁਝ ਸਮਝਣ ਦੀ ਲੋੜ ਹੈ। ਜ਼ੈਤੂਨ ਦੀਆਂ ਸਲੇਟੀ-ਹਰੀਆਂ ਪੱਤੀਆਂ ਨੂੰ ਭੂ-ਮੱਧ ਸਾਗਰ ਦੇ ਨੇੜਲੇ ਇਲਾਕਿਆਂ ਵਿੱਚ ਹਰ ਪਾਸੇ ਵੇਖਿਆ ਦਾ ਸਕਦਾ ਸੀ। ਖਾਣਾ ਪਕਾਉਣ ਲਈ ਵਰਤੇ ਜਾਣ ਵਾਲੇ ਤੇਲ, ਦਵਾਈਆਂ, ਅਤੇ ਹੋਰ ਉਪਯੋਗਾਂ ਲਈ ਤੇਲ ਦਾ ਮੁੱਖ ਜ਼ਰੀਆ ਜ਼ੈਤੂਨ ਹੀ ਹੁੰਦਾ ਸੀ। ਜੰਗਲੀ ਜ਼ੈਤੂਨ ਦੇ ਰੁੱਖ ਖੇਤੀ ਲਈ ਉਗਾਏ ਗਏ ਜ਼ੈਤੂਨ ਦੇ ਰੁਖਾਂ ਨਾਲੋਂ ਵਧੇਰੇ ਮਜਬੂਤ ਹੁੰਦੇ ਸਨ, ਪਰ ਖੇਤੀ ਲਈ ਲਗਾਏ ਗਏ ਜ਼ੈਤੂਨ ਦੇ ਰੁੱਖ ਜ਼ਿਆਦਾ ਵੱਡੇ ਅਤੇ ਵਧ ਗਿਣਤੀ ਵਿੱਚ ਫਲ ਦਿੰਦੇ ਸਨ।

ਪੇਉਂਦ ਚਾੜ੍ਹਣਾ ਇੱਕ ਪ੍ਰਕਿਰਿਆ ਹੈ ਜਿਸ ਦੇ ਰਾਹੀਂ ਦੋ ਤਰ੍ਹਾਂ ਦੇ ਰੁੱਖਾਂ ਨੂੰ ਆਪਸ ਵਿੱਚ ਜੋੜ ਦਿੱਤਾ ਜਾਂਦਾ ਹੈ। ਆਮਤੌਰ 'ਤੇ ਵਰਤੇ ਜਾਣ ਵਾਲੇ ਤਰੀਕੇ ਵਿੱਚ ਇੱਕ ਰੁੱਖ ਤੋਂ ਇੱਕ ਟਾਹਣੀ ਵੱਢੀ ਜਾਂਦੀ ਹੈ ਅਤੇ ਉਸ ਦੇ ਮੁੱਢ ਨੂੰ ਕੁਝ ਇੰਚ ਲੰਮਾ ਛੱਡਿਆ ਜਾਂਦਾ ਹੈ। ਉਸ ਮੁੱਢ ਨੂੰ ਥੋੜਾ ਜਿਹਾ ਪਾੜਿਆ ਜਾਂਦਾ ਹੈ। ਫਿਰ ਇੱਕ ਦੂਜੇ ਰੁੱਖ ਤੋਂ ਇੱਕ ਛੋਟੀ ਟਾਹਣੀ ਵੱਢੀ ਜਾਂਦੀ ਹੈ ਅਤੇ ਉਸ ਵੱਢੀ ਹੋਈ ਟਾਹਣੀ ਦੇ ਸਿਰੇ ਨੂੰ ਚਪਟਾ ਅਤੇ ਤਿੱਖਾ ਕੀਤਾ ਜਾਂਦਾ ਹੈ। ਇਸ ਚਪਟੇ ਅਤੇ ਤਿੱਖੇ ਹਿੱਸੇ ਨੂੰ ਮੁੱਢ ਦੇ ਪਾੜੇ ਹੋਏ ਹਿੱਸੇ ਵਿੱਚ ਵਾੜਿਆ ਜਾਂਦਾ ਹੈ ਅਤੇ ਉਸ ਜੋੜ ਨੂੰ ਘੁੱਟ ਕੇ ਬੰਨ੍ਹ ਦਿੱਤਾ ਜਾਂਦਾ ਹੈ ਤਾਂ ਜੋ ਰੁੱਖ ਅਤੇ ਉਸ ਵਿੱਚ ਪੇਉਂਦ ਚਾੜ੍ਹੀ ਗਈ ਟਾਹਣੀ ਇਕੱਠਿਆਂ ਵਧ ਸਕਣ। ਇਸ ਤਰ੍ਹਾਂ ਪੇਉਂਦ ਚਾੜ੍ਹੇ ਜਾਣ ਦੇ ਨਤੀਜੇ ਵਜੋਂ ਹਰ ਵਾਰੀ ਇੱਕ ਵਧੀਆ ਟਾਹਣੀ ਨਹੀਂ ਮਿਲਦੀ; ਪਰ ਜੇਕਰ ਇਸ ਨੂੰ ਚੰਗੀ ਤਰ੍ਹਾਂ ਕੀਤਾ ਜਾਵੇ ਤਾਂ ਇਸ ਵਿੱਚ ਅਕਸਰ ਸਫਲਤਾ ਮਿਲਦੀ ਹੈ।

ਅਕਸਰ ਅਜਿਹਾ ਹੁੰਦਾ ਸੀ ਕਿ ਖੇਤੀ ਲਈ ਲਗਾਏ ਗਏ ਰੁੱਖ ਦੀਆਂ ਟਾਹਣੀਆਂ ਨੂੰ ਜੰਗਲੀ ਰੁੱਖ ਵਿੱਚ ਪੇਉਂਦ ਚਾੜ੍ਹਿਆ ਜਾਂਦਾ ਸੀ ਤਾਂ ਜੋ ਉਹ ਟਾਹਣੀਆਂ ਜੰਗਲੀ ਰੁੱਖ ਦੇ ਬਲ ਦਾ ਲਾਭ ਚੁੱਕ ਸਕਣ। ਸ਼ਾਇਦ ਹੀ ਕਦੇ ਅਜਿਹਾ ਹੁੰਦਾ ਸੀ ਕਿ ਜੰਗਲੀ ਰੁੱਖ ਦੀ ਟਾਹਣੀ ਨੂੰ ਖੇਤੀ ਲਈ ਲਗਾਏ ਗਏ ਜ਼ੈਤੂਨ ਦੇ ਰੁੱਖ ਵਿੱਚ ਪੇਉਂਦ ਚਾੜ੍ਹਿਆ ਜਾਂਦਾ ਹੋਵੇ।[20] ਪਰ ਫਿਰ ਵੀ, ਪੌਲੁਸ ਦੇ ਉਦੇਸ਼ ਦੀ ਪੂਰਤੀ ਲਈ ਇਹ ਤਰੀਕਾ ਸਟੀਕ ਸੀ, ਇਸ ਕਰਕੇ ਉਸ ਨੇ ਇਕ ਅਜਿਹੇ ਤਰੀਕੇ ਬਾਰੇ ਲਿਖਿਆ ਜਿਹੜਾ (ਉਸ ਦੇ ਅਨੁਸਾਰ) "ਸੁਭਾਉ ਦੇ ਵਿਰੁੱਧ" ਸੀ (11:24)।

ਜਦੋਂ ਅਸੀਂ ਇਨ੍ਹਾਂ ਆਇਤਾਂ ਵਿੱਚ ਅਗਾਹਾਂ ਵਧਦੇ ਹਾਂ, ਆਪਣੇ ਮਨ ਵਿੱਚ ਖੇਤੀ ਲਈ ਲਗਾਏ ਗਏ ਜ਼ੈਤੂਨ ਦੇ ਰੁੱਖ ਦੀ ਕਲਪਨਾ ਕਰੋ। ਇਹ ਰੁੱਖ ਪਰਮੇਸ਼ਰ ਦੇ ਲੋਕਾਂ ਨੂੰ ਦਰਸ਼ਾਉਂਦਾ ਹੈ। ਵਿਸ਼ੇਸ਼ ਤੌਰ 'ਤੇ ਇਹ ਇਸਰਾਏਲ ਨੂੰ ਦਰਸ਼ਾਉਂਦਾ ਹੈ, ਜੋ ਪਰਮੇਸ਼ਰ ਦੇ ਵਿਸ਼ੇਸ਼ ਲੋਕ ਰਹੇ ਹਨ। ਪੁਰਾਣੇ

ਨੇਮ ਵਿੱਚ ਜ਼ੈਤੂਨ ਦਾ ਰੁੱਖ ਇਸਰਾਏਲ ਦੇ ਲਈ ਵਰਤਿਆ ਜਾਣ ਵਾਲਾ ਇੱਕ ਚਿੰਨ੍ਹ ਹੁੰਦਾ ਸੀ (ਯਿਰਮਿਯਾਹ 11:16, 17; ਹੋਸ਼ੇਆ 14:4-6)। ਪਰਮੇਸ਼ਰ ਨੇ ਇਸਰਾਏਲ ਉੱਤੇ "ਖੇਤੀ ਵਾਂਗ" ਮਿਹਨਤ ਕੀਤੀ ਸੀ—ਇਸ ਰਾਸ਼ਟਰ ਦੀ ਵਿਸ਼ੇਸ਼ ਦੇਖਭਾਲ ਕੀਤੀ ਸੀ—ਮਸੀਹ ਨੂੰ ਸੰਸਾਰ ਵਿੱਚ ਲਿਆਉਣ ਲਈ ਆਪਣੀ ਯੋਜਨਾ ਉਨ੍ਹਾਂ ਦੇ ਰਾਹੀਂ ਪੂਰੀ ਕੀਤੀ ਸੀ।

ਆਇਤ 17 ਇਸ ਤਰ੍ਹਾਂ ਸ਼ੁਰੂ ਹੁੰਦੀ ਹੈ, **ਪਰ ਜੇ ਡਾਲੀਆਂ ਵਿੱਚੋਂ ਕਈਕੁ ਤੋੜੀਆਂ ਗਈਆਂ**। ਤੋੜੀਆਂ ਗਈਆਂ ਡਾਲੀਆਂ ਉਹ ਯਹੂਦੀ ਸਨ ਜਿਹੜੇ ਆਪਣੀ "ਬੇਪਰਤੀਤੀ ਦੇ ਕਾਰਨ ਤੋੜੇ ਗਏ" ਸਨ (11:20)। "ਕਈਕੁ" ਆਮਤੌਰ 'ਤੇ ਵਰਤਿਆ ਜਾਣ ਵਾਲਾ ਸ਼ਬਦ ਹੈ ਜਿਹੜਾ ਥੋੜੇ ਨੂੰ ਦਰਸ਼ਾਉਂਦਾ ਹੈ ਕਿਉਂ ਜੋ *ਜ਼ਿਆਦਾਤਰ* ਯਹੂਦੀ "ਡਾਲੀਆਂ" ਤੋੜ ਦਿੱਤੀਆਂ ਗਈਆਂ ਸਨ ਕਿਉਂਕਿ ਉਨ੍ਹਾਂ ਨੇ ਯਿਸੂ ਵਿੱਚ ਵਿਸ਼ਵਾਸ ਨੂੰ ਠੁਕਰਾ ਦਿੱਤਾ ਸੀ।

ਇਹ ਆਇਤ ਅੱਗੇ ਆਖਦੀ ਹੈ, **ਅਤੇ ਤੂੰ ਜਿਹੜਾ ਜੰਗਲੀ ਜ਼ੈਤੂਨ ਸੈਂ ਓਹਨਾਂ ਵਿੱਚ ਪੇਉਂਦ ਚਾੜ੍ਹਿਆ ਗਿਆ।** "ਤੂੰ" ਗੈਰਯਹੂਦੀ ਮਸੀਹੀਆਂ ਨੂੰ ਦਰਸ਼ਾਉਂਦਾ ਹੈ (11:13)। ਉਨ੍ਹਾਂ ਦੇ ਸੋਮੇ ਨੂੰ "ਜੰਗਲੀ ਜ਼ੈਤੂਨ" ਆਖਿਆ ਗਿਆ ਹੈ (11:24) ਕਿਉਂਕਿ, ਪੁਰਾਣੇ ਨੇਮ ਦੇ ਸਮੇਂ ਵਿੱਚ ਗੈਰਯਹੂਦੀਆਂ ਨੂੰ ਉਹ ਦੇਖਭਾਲ ਨਹੀਂ ਮਿਲੀ ਸੀ ਜਿਹੜੀ ਯਹੂਦੀਆਂ ਨੂੰ ਦਿੱਤੀ ਗਈ ਸੀ। ਪਰ ਹੁਣ ਗੈਰਯਹੂਦੀਆਂ ਨੂੰ ਅਵਸਰ ਦਿੱਤਾ ਗਿਆ ਸੀ ਕਿ ਉਹ ਪਰਮੇਸ਼ਰ ਦੀਆਂ ਪਰਮ ਯੋਜਨਾਵਾਂ ਅਤੇ ਉਦੇਸ਼ਾਂ ਵਿੱਚ ਸ਼ਾਮਲ ਹੋ ਸਕਣ। ਜਿਨ੍ਹਾਂ ਗੈਰਯਹੂਦੀਆਂ ਨੇ ਯਿਸੂ ਅਤੇ ਉਸ ਦੇ ਰਾਹ ਨੂੰ ਸਵੀਕਾਰ ਕੀਤਾ ਸੀ ਉਹ ਵਿਸ਼ਵਾਸ ਕਰਨ ਵਾਲੇ ਯਹੂਦੀਆਂ ਵਿੱਚ "ਪੇਉਂਦ ਚਾੜ੍ਹੇ ਗਏ" ਸਨ।

ਆਇਤ 17 ਦਾ ਅੰਤ ਇਸ ਤਰ੍ਹਾਂ ਹੁੰਦਾ ਹੈ, **ਅਤੇ ਜ਼ੈਤੂਨ ਦੀ ਜੜ੍ਹ ਦੇ ਰਸ ਦਾ** [ਵਿਸ਼ਵਾਸ ਕਰਨ ਵਾਲੇ ਯਹੂਦੀਆਂ ਦਾ] **ਸਾਂਝੀ ਹੋਇਆ ਹੈਂ।** ਜਿਵੇਂ ਕਿ ਆਇਤ 16 ਵਿੱਚ ਸੀ, ਉਸੇ ਤਰ੍ਹਾਂ ਇੱਥੇ "ਜੜ੍ਹ" ਨੂੰ ਪੁਰਖੇ ਮੰਨਿਆ ਜਾ ਸਕਦਾ ਹੈ—ਵਿਸ਼ੇਸ਼ ਤੌਰ 'ਤੇ ਅਬਰਾਹਾਮ—ਜਿਸ ਨੂੰ ਪਰਮੇਸ਼ਰ ਦੀਆਂ ਪ੍ਰਤਿੱਗਿਆਵਾਂ ਦਿੱਤੀਆਂ ਗਈਆਂ ਸਨ। ਯੂਨਾਨੀ ਮੂਲ ਪਾਠ ਵਿੱਚ "ਜੜ੍ਹ ਦਾ ਰਸ [πιότης, *ਪਿਓਟੇਸ* ਤੋਂ]" ਲਿਖਿਆ ਹੈ (ਵੇਖੋ KJV)। ਇਸ ਦਾ ਭਾਵ "ਪੌਸ਼ਟਿਕ ਰਸ" (NIV) ਤੋਂ ਹੈ ਜਿਹੜਾ ਜੜ੍ਹ ਦੇ ਰਾਹੀਂ ਤਣੇ ਵਿੱਚੋਂ ਹੁੰਦਾ ਹੋਇਆ ਟਾਹਣੀਆਂ ਤੱਕ ਪੁੱਜਦਾ ਹੈ।

**ਆਇਤ 18.** ਪੌਲੁਸ ਇੱਥੇ ਕੁਝ ਲਾਗੂ ਕਰਨ ਲਈ ਦੇਣ ਵਾਸਤੇ ਤਿਆਰ ਸੀ। ਉਸ ਨੇ ਗੈਰਯਹੂਦੀ ਪਾਠਕਾਂ ਨੂੰ ਆਖਿਆ, **ਤਾਂ ਉਨ੍ਹਾਂ ਡਾਲੀਆਂ ਉੱਤੇ ਘਮੰਡ ਨਾ ਕਰ।** "ਘਮੰਡ ਕਰਨਾ" κατακαυχάομαι (*ਕਾਟਾਕਾਉਖਾਓਮਾਈ*) ਤੋਂ ਹੈ। ਇਹ καυχάομαι (*ਕਾਉਖਾਓਮਾਈ*, ਜਿਸ ਦਾ ਅਰਥ ਹੈ "ਘਮੰਡ ਕਰਨਾ") ਦਾ ਅਤੇ ਕਿਰਿਆ ਵਿਸ਼ੇਸ਼ਣ ਦੇ ਅਗੇਤਰ κατά (*ਕਾਟਾ*) ਦਾ ਸੰਯੁਕਤ ਰੂਪ ਹੈ। "ਘਮੰਡੀ ਨਾ ਹੋ" ਦੀ ਥਾਂ KJV ਵਿੱਚ "ਸਾਹਮਣੇ ਘਮੰਡ ਨਾ ਕਰ" ਆਇਆ ਹੈ। "ਉਨ੍ਹਾਂ ਡਾਲੀਆਂ" ਦਾ ਅਰਥ ਉਹ ਯਹੂਦੀ ਹੋ ਸਕਦੇ ਹਨ ਜਿਹੜੇ ਆਪਣੀ "ਬੇਪਰਤੀਤੀ ਦੇ ਕਾਰਨ ਤੋੜੇ ਗਏ" ਸਨ (11:20), ਪਰ ਅਜਿਹਾ ਜਾਪਦਾ ਹੈ ਕਿ ਇੱਥੇ ਇਸ ਦਾ ਭਾਵ ਸਭਨਾ ਯਹੂਦੀਆਂ ਤੋਂ ਹੈ—ਜਿਨ੍ਹਾਂ ਵਿੱਚ "ਅਸਲੀ ਡਾਲੀਆਂ" (11:21) ਵੀ ਸ਼ਾਮਲ ਹਨ, ਅਰਥਾਤ, ਯਹੂਦੀ ਮਸੀਹੀ, ਜਿਹੜੇ ਅਜੇ ਵੀ "ਰੁੱਖ ਵਿੱਚ" ਸਨ। ਅਤੀਤ ਵਿੱਚ ਯਹੂਦੀ ਗੈਰਯਹੂਦੀਆਂ ਦੇ ਸਾਹਮਣੇ ਘਮੰਡ ਕਰਦੇ ਹੁੰਦੇ ਸਨ; ਪਰ ਹੁਣ ਹਾਲਾਤ ਉਲਟ ਸਨ। ਇਹ ਕਲਪਨਾ ਕਰਨਾ ਬੜਾ ਸੌਖਾ ਹੈ ਕਿ ਇੱਕ ਘਮੰਡੀ ਗੈਰਯਹੂਦੀ ਇੱਕ ਯਹੂਦੀ ਨੂੰ ਆਖ ਰਿਹਾ ਹੈ, "ਪਰਮੇਸ਼ਰ ਨੇ ਤੈਨੂੰ ਠੁਕਰਾ ਦਿੱਤਾ

ਹੈ ਅਤੇ ਮੈਨੂੰ ਸਵੀਕਾਰ ਕਰ ਲਿਆ ਹੈ!"

ਪੌਲੁਸ ਨੇ ਇਹ ਆਖ ਕੇ ਗੈਰਯਹੂਦੀਆਂ ਦੇ ਘਮੰਡ ਦੀ ਹਵਾ ਕੱਢ ਦਿੱਤੀ, **ਅਤੇ ਭਾਵੇਂ ਤੂੰ ਘਮੰਡ ਕਰੇਂ ਤਾਂ ਵੀ ਤੂੰ ਜੜ੍ਹ ਨੂੰ ਨਹੀਂ ਸਮ੍ਹਾਲਦਾ ਪਰ ਜੜ੍ਹ ਤੈਨੂੰ ਸਮ੍ਹਾਲਦੀ ਹੈ**। ਰਸ ਟਾਹਣੀਆਂ ਵਿੱਚੋਂ ਹੋ ਕੇ ਜੜ੍ਹ ਵੱਲ ਨੂੰ ਨਹੀਂ ਜਾਂਦਾ, ਸਗੋਂ ਜੜ੍ਹ ਵਿੱਚੋਂ ਟਾਹਣੀਆਂ ਵੱਲ ਨੂੰ ਜਾਂਦਾ ਹੈ। ਦਰਅਸਲ ਪੌਲੁਸ ਨੇ ਗੈਰਯਹੂਦੀ ਮਸੀਹੀਆਂ ਨੂੰ ਆਖਿਆ, "ਤੁਹਾਡੇ ਅਤੀਤ ਦੇ ਕਿਸੇ ਵੀ ਹਿੱਸੇ ਤੋਂ ਯਹੂਦੀਆਂ ਨੂੰ ਕੋਈ ਲਾਭ ਨਹੀਂ ਪੁੱਜਾ ਹੈ। ਸਗੋਂ ਇੱਕ ਲੰਮੇ ਅਰਸੇ ਪਹਿਲਾਂ ਯਹੂਦੀਆਂ ਦੇ ਸਰੀਰਕ ਪੁਰਖਿਆਂ ਨੂੰ ਦਿੱਤੀਆਂ ਗਈਆਂ ਪ੍ਰਤਿੱਗਿਆਵਾਂ ਤੋਂ ਹੁਣ ਤੁਹਾਨੂੰ ਲਾਭ ਹੋ ਰਿਹਾ ਹੈ।" ਗੈਰਯਹੂਦੀ ਮਸੀਹੀਆਂ ਨੂੰ ਇਹ ਸਿਆਣਨ ਦੀ ਲੋੜ ਸੀ ਕਿ ਜਿਹੜੀਆਂ ਆਤਮਕ ਬਰਕਤਾਂ ਦਾ ਉਹ ਅਨੰਦ ਮਾਣ ਰਹੇ ਸਨ ਉਨ੍ਹਾਂ ਦੀਆਂ ਜੜ੍ਹਾਂ ਯਹੂਦੀ ਜ਼ਮੀਨ ਵਿੱਚ ਸਨ। ਯਿਸੂ ਨੇ ਸਾਮਰੀ ਇਸਤਰੀ ਨੂੰ ਆਖਿਆ ਸੀ ਕਿ "ਮੁਕਤੀ ਯਹੂਦੀਆਂ ਤੋਂ ਹੈ" (ਯੂਹੰਨਾ 4:22)।

ਰੋਮੀਆਂ ਦੇ ਇਸ ਹਿੱਸੇ ਨੂੰ ਲਿਖਦਿਆਂ, ਪੌਲੁਸ ਆਪਣੇ ਗੈਰਯਹੂਦੀ ਪਾਠਕਾਂ ਨੂੰ ਹਲੀਮ ਕਰਨਾ ਚਾਹੁੰਦਾ ਸੀ। ਜਿਹੜੀਆਂ ਬਰਕਤਾਂ ਉਨ੍ਹਾਂ ਨੂੰ ਮਿਲੀਆਂ ਸਨ, ਉਹ ਨਾ ਤਾਂ ਉਨ੍ਹਾਂ ਦੇ ਲਾਇਕ ਸਨ ਅਤੇ ਨਾ ਹੀ ਉਨ੍ਹਾਂ ਨੇ ਕਮਾਈਆਂ ਸਨ। *ਕਿਰਪਾ* ਸਦਕਾ ਪਰਮੇਸ਼ਰ ਨੇ ਉਨ੍ਹਾਂ ਨੂੰ "ਪੇਉਂਦ ਚਾੜ੍ਹਿਆ" ਸੀ ਅਤੇ ਉਨ੍ਹਾਂ ਯੋਜਨਾਵਾਂ ਅਤੇ ਉਦੇਸ਼ਾਂ ਦਾ ਹਿੱਸਾ ਬਣਾਇਆ ਸੀ, ਜਿਹੜੀਆਂ ਯਹੂਦੀ ਰਾਸ਼ਟਰ ਦੇ ਰਾਹੀਂ ਪੂਰੀਆਂ ਹੋਈਆਂ ਸਨ। ਗੈਰਯਹੂਦੀ ਮਸੀਹੀਆਂ ਕੋਲ ਘਮੰਡ ਕਰਨ ਦਾ ਕੋਈ ਕਾਰਨ ਹੈ ਹੀ ਨਹੀਂ ਸੀ।

**ਆਇਤ 19.** ਪੌਲੁਸ ਗੈਰਯਹੂਦੀ ਮਸੀਹੀਆਂ ਵੱਲੋਂ ਇਤਰਾਜ਼ ਦੀ ਉਮੀਦ ਕਰ ਰਿਹਾ ਸੀ: **ਫੇਰ ਤੂੰ ਆਖੇਂਗਾ, ਡਾਲੀਆਂ ਇਸ ਲਈ** [ἵνα, *ਹਿਨਾ*, "ਤਾਂ ਜੋ"] **ਤੋੜੀਆਂ ਗਈਆਂ ਭਈ ਮੈਂ ਪੇਉਂਦ ਚਾੜ੍ਹਿਆ ਜਾਵਾਂ।** ਇਸ ਇਤਰਾਜ਼ ਦੇ ਸ਼ਬਦ ਇਸ਼ਾਰਾ ਕਰਦੇ ਹਨ ਕਿ ਕੁਝ ਗੈਰਯਹੂਦੀ ਸੋਚ ਰਹੇ ਸਨ ਕਿ ਯਹੂਦੀਆਂ ਦੇ "ਤੋੜੇ ਜਾਣ" ਦਾ *ਕਾਰਨ* ਇਹ ਸੀ ਕਿ ਗੈਰਯਹੂਦੀਆਂ ਲਈ *ਥਾਂ ਬਣਾਈ* ਜਾ ਸਕੇ। ਇਹ ਸੱਚ ਨਹੀਂ ਸੀ। ਯਹੂਦੀ ਇਸ ਕਰਕੇ ਤੋੜੇ ਗਏ ਸਨ ਕਿਉਂਕਿ ਉਨ੍ਹਾਂ ਨੇ ਵਿਸ਼ਵਾਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ (11:20)। ਜੇਕਰ ਹਰੇਕ ਯਹੂਦੀ ਵਿਸ਼ਵਾਸ ਕਰ ਲੈਂਦਾ ਤਾਂ ਵੀ "ਉਸ ਰੁੱਖ" ਵਿੱਚ ਵਿਸ਼ਵਾਸ ਕਰਨ ਵਾਲੇ ਗੈਰਯਹੂਦੀਆਂ ਲਈ ਥਾਂ ਹੁੰਦੀ।

**ਆਇਤ 20.** ਜੇਕਰ ਅਜਿਹਾ ਹੈ ਤਾਂ ਅਸੀਂ ਆਇਤ 20 ਵਿੱਚ ਪੌਲੁਸ ਵੱਲੋਂ ਸਕਾਰਾਤਮਕ ਦੀ ਥਾਂ ਨਕਾਰਾਤਮਕ ਪ੍ਰਤੀਉੱਤਰ ਦੀ ਉਮੀਦ ਕਰਦੇ—ਪਰ ਇਹ ਆਇਤ καλῶς (*ਕਾਲੋਸ*) ਨਾਲ ਅਰੰਭ ਹੁੰਦੀ ਹੈ, ਜਿਸ ਦੀ ਮੂਲ ਅਰਥ ਹੈ "ਹੱਛਾ" ਜਾਂ "ਠੀਕ ਹੈ" (ਵੇਖੋ KJV)। NASB *ਕਾਲੋਸ* ਨੂੰ **ਠੀਕ ਹੈ** ਵਜੋਂ ਅਨੁਵਾਦ ਕਰਦੀ ਹੈ ਅਤੇ ਅੱਗੇ ਆਖਦੀ ਹੈ **ਉਹ ਤਾਂ ਆਪਣੇ ਅਵਿਸ਼ਵਾਸ ਦੇ ਕਾਰਨ ਤੋੜੇ ਗਏ, ਪਰ ਤੂੰ ਆਪਣੇ ਵਿਸ਼ਵਾਸ ਦੇ ਨਾਲ ਖਲੋਤਾ ਰਹੁ।** ਜੇਕਰ ਅਸੀਂ NASB ਦੇ ਅਨੁਵਾਦ ਦੇ ਪੱਖੋਂ ਵੇਖੀਏ ਤਾਂ ਅਸੀਂ ਕਲਪਨਾ ਕਰ ਸਕਦੇ ਹਾਂ ਕਿ ਪੌਲੁਸ ਨੇ "ਠੀਕ ਹੈ" ਥੋੜਾ ਮਖੌਲ ਦੇ ਭਾਵ ਵਿੱਚ ਆਖਿਆ ਹੈ।[21] ਸ਼ਾਇਦ ਉਹ ਪਿਛਲੇ ਕਥਨ ਦੇ ਕੁਝ ਹਿੱਸੇ ਨਾਲ ਹੀ ਸਹਿਮਤ ਹੋ ਰਿਹਾ ਸੀ: ਇਸ ਤੱਥ ਨਾਲ ਕਿ ਯਹੂਦੀ ਤੋੜੇ ਗਏ ਸਨ ਅਤੇ ਗੈਰਯਹੂਦੀ ਪੇਉਂਦ ਚਾੜ੍ਹੇ ਗਏ ਸਨ। ਇਸ ਤਰ੍ਹਾਂ ਆਇਤ 20 ਦਾ ਪਹਿਲਾ ਹਿੱਸਾ ਕੁਝ ਅਜਿਹਾ ਸੁਣਾਈ ਦੇਵੇਗਾ: "ਇਹ ਸੱਚ ਹੈ ਕਿ ਟਾਹਣੀਆਂ ਤੋੜੀਆਂ ਗਈਆਂ ਸਨ, ਪਰ ਇਹ ਇਸ ਕਰਕੇ ਨਹੀਂ ਹੋਇਆ *ਤਾਂ ਜੋ* ਤੁਸੀਂ ਪੇਉਂਦ ਚਾੜ੍ਹੇ

ਜਾਓ। ਸਗੋਂ ਉਹ ਤਾਂ ਇਸ ਕਰਕੇ ਤੋੜੇ ਗਏ ਕਿਉਂਕਿ ਉਨ੍ਹਾਂ ਨੇ *ਵਿਸ਼ਵਾਸ* ਨਹੀਂ ਕੀਤਾ (ਵੇਖੋ SEB)।

ਯਹੂਦੀ "ਆਪਣੀ ਬੇਪਰਤੀਤੀ ਦੇ ਕਾਰਨ ਤੋੜੇ ਗਏ ਸਨ," ਪਰ ਗੈਰਯਹੂਦੀ ਆਪਣੀ ਪਰਤੀਤ ਦੇ ਕਾਰਨ "ਖੜ੍ਹੇ" ਸਨ। ਮੁੱਖ ਗੱਲ ਵਿਸ਼ਵਾਸ ਹੈ। ਆਪਣੇ ਵਿਸ਼ਵਾਸ ਦੇ ਕਾਰਨ ਗੈਰਯਹੂਦੀ ਖੇਤੀ ਲਈ ਲਗਾਏ ਗਏ ਰੁੱਖ ਵਿੱਚ ਪੇਉਂਦ ਚਾੜ੍ਹੇ ਗਏ ਸਨ ਅਤੇ ਉਹ ਅਜੇ ਤੱਕ ਉਸ ਰੁੱਖ ਦਾ ਹਿੱਸਾ ਇਸ ਕਰਕੇ ਬਣੇ ਹੋਏ ਹਨ ਕਿਉਂਕਿ ਉਹ ਆਪਣੇ ਵਿਸ਼ਵਾਸ ਵਿੱਚ ਟਿਕੇ ਹੋਏ ਹਨ। NEB ਆਖਦੀ ਹੈ "ਆਪਣੇ ਵਿਸ਼ਵਾਸ ਦੁਆਰਾ ਤੁਸੀਂ ਆਪਣੀ ਥਾਂ ਫੜੀ ਹੋਈ ਹੈ।"

ਫਿਰ ਪੌਲੁਸ ਘਮੰਡ ਦੇ ਵਿਸ਼ੇ 'ਤੇ ਮੁੜਦਾ ਹੈ। ਉਹ ਆਖਦਾ ਹੈ, **ਗਰਬ ਨਾ ਕਰ ਸਗੋਂ ਡਰ।** ਯੂਨਾਨੀ ਇਸ ਤਰ੍ਹਾਂ ਆਖਦੀ ਹੈ "ਉੱਚ ਗੱਲਾਂ ਮਨ ਵਿੱਚ ਨਾ ਆਉਣ ਦੇ।" ਕਿਰਿਆ ὑψηλός (*ਹੁਪਸੇਲੋਸ*) ਉਸ ਵੱਲ ਇਸ਼ਾਰਾ ਕਰਦੀ ਹੈ ਜੋ "ਉੱਚ" ਜਾਂ "ਉੱਚਾ"[22] ਹੈ (ਵੇਖੋ KJV)। ਅਗਲੇ ਅਧਿਆਇ ਵਿੱਚ ਪੌਲੁਸ ਸਭਨਾਂ ਮਸੀਹੀਆਂ ਨੂੰ ਜਤਾਉਂਦਾ ਹੈ, "ਮੈਂ . . . ਤੁਹਾਡੇ ਵਿੱਚੋਂ ਹਰੇਕ ਨੂੰ ਆਖਦਾ ਹਾਂ ਭਈ ਉਹ ਆਪਣੇ ਆਪ ਨੂੰ ਜਿੰਨਾ ਚਾਹੀਦਾ ਹੈ ਉਸ ਨਾਲੋਂ ਵੱਧ[23] ਨਾ ਸਮਝੇ" (12:3)। ਇੱਥੇ ਇਸਤੇਮਾਲ ਕੀਤੀ ਗਈ ਭਾਸ਼ਾ ਦੇ ਅਨੁਸਾਰ ਪੌਲੁਸ ਆਪਣੇ ਗੈਰਯਹੂਦੀ ਪਾਠਕਾਂ ਨੂੰ ਆਖ ਰਿਹਾ ਸੀ, "ਘਮੰਡ ਨਾ ਕਰੋ ਸਗੋਂ ਡਰੋ।" "ਡਰ" (φοβέω, *ਫੋਬੀਓ* ਤੋਂ) ਬੇਹਰਕਤ ਕਰ ਦੇਣ ਵਾਲਾ ਡਰ ਨਹੀਂ ਹੈ, ਸਗੋਂ ਅਵਿਸ਼ਵਾਸ ਦੇ ਨਤੀਜਿਆਂ ਦਾ ਇੱਕ ਤਕੜਾ ਅਤੇ ਵਧੀਆ ਡਰ ਹੈ।[24]

**ਆਇਤ 21.** ਪੌਲੁਸ ਇਨ੍ਹਾਂ ਭਾਈਆਂ ਨੂੰ ਇੱਕ ਚਿਤਾਉਣੀ ਦੇ ਰਿਹਾ ਸੀ: **ਕਿਉਂਕਿ ਜਦੋਂ ਪਰਮੇਸ਼ੁਰ ਨੇ ਅਸਲੀ ਡਾਲੀਆਂ** [ਯਹੂਦੀਆਂ] **ਨੂੰ ਨਾ ਛੱਡਿਆ ਤਾਂ ਤੈਨੂੰ** [ਗੈਰਯਹੂਦੀਆਂ] **ਭੀ ਨਾ ਛੱਡੇਗਾ।** ਪਰਮੇਸ਼ਰ ਨੇ ਯਹੂਦੀਆਂ ਨੂੰ "ਤੋੜ ਦਿੱਤਾ" ਕਿਉਂਕਿ ਉਨ੍ਹਾਂ ਨੇ ਵਿਸ਼ਵਾਸ ਨਹੀਂ ਕੀਤਾ। ਜੇਕਰ ਅਜਿਹਾ ਹੈ ਤਾਂ ਉਹ ਵਿਸ਼ਵਾਸ ਤੋਂ ਡਿੱਗ ਪੈਣ ਵਾਲੇ ਗੈਰਯਹੂਦੀਆਂ ਨੂੰ ਵੀ "ਤੋੜਣ" ਤੋਂ ਝਿਝਕੇਗਾ ਨਹੀਂ।

**ਆਇਤ 22.** ਅਗਲੀ ਆਇਤ ਪਰਮੇਸ਼ਰ ਦੇ ਚਰਿੱਤਰ ਦੇ ਦੋ ਪੱਖਾਂ ਦਾ ਵੇਰਵਾ ਦਿੰਦੇ ਹੋਏ ਅਰੰਭ ਹੁੰਦੀ ਹੈ: **ਸੋ ਪਰਮੇਸ਼ੁਰ ਦੀ ਦਿਆਲਗੀ ਅਤੇ ਕਰੜਾਈ ਵੇਖ।**[25] ਵੈੱਸਲ ਇਸ ਸਿੱਟੇ 'ਤੇ ਪੁੱਜੇ, "ਪਰਮੇਸ਼ਰ ਬਾਰੇ ਦਿੱਤੀ ਜਾਣ ਵਾਲੀ ਕਿਸੇ ਵੀ ਉਚਿਤ ਸਿੱਖਿਆ ਦੇ ਵਿੱਚ ਇਹ ਦੋ ਗੱਲਾਂ ਜ਼ਰੂਰ ਸ਼ਾਮਲ ਹੋਣੀਆਂ ਚਾਹੀਦੀਆਂ ਹਨ। ਜਦੋਂ ਅਸੀਂ ਪਰਮੇਸ਼ਰ ਦੀ ਦਿਆਲਗੀ ਨੂੰ ਅਣਦੇਖਾ ਕਰ ਦਿੰਦੇ ਹਾਂ ਉਹ ਇੱਕ ਨਿਰਦਯੀ ਅੱਤਿਆਚਾਰੀ ਜਾਪਦਾ ਹੈ; ਜਦੋਂ ਅਸੀਂ ਪਰਮੇਸ਼ਰ ਦੀ ਕਰੜਾਈ ਨੂੰ ਅਣਦੇਖਾ ਕਰ ਦਿੰਦੇ ਹਾਂ, ਉਹ ਪਿਆਰ ਵਿੱਚ ਅੰਨ੍ਹਾਂ ਹੋਇਆ ਪਿਤਾ ਜਾਪਦਾ ਹੈ।"[26]

ਪੌਲੁਸ ਨੇ ਲਿਖਿਆ, ਕਰੜਾਈ ਓਹਨਾਂ [ਵਿਸ਼ਵਾਸ ਨਾ ਕਰਨ ਵਾਲੇ ਯਹੂਦੀਆਂ] ਉੱਤੇ ਜਿਹੜੇ ਡਿੱਗ ਪਏ ਹਨ ਪਰ ਪਰਮੇਸ਼ੁਰ ਦੀ ਦਿਆਲਗੀ ਤੇਰੇ ਉੱਤੇ [ਵਿਸ਼ਵਾਸ ਕਰਨ ਵਾਲੇ ਗੈਰਯਹੂਦੀਆਂ ਉੱਤੇ]। ਫਿਰ ਉਸ ਨੇ ਇਹ ਗੰਭੀਰ ਸ਼ਬਦ ਲਿਖੇ: ਜੇ ਤੂੰ ਉਹ ਦੀ ਦਿਆਲਗੀ ਵਿੱਚ ਟਿਕਿਆ ਰਹੇਂ। ਨਹੀਂ ਤਾਂ ਤੂੰ ਭੀ ਵੱਢਿਆ ਜਾਵੇਂਗਾ। "ਉਹ ਦੀ ਦਿਆਲਗੀ ਵਿੱਚ ਟਿਕਿਆ ਰਹੇਂ" ਦਾ ਅਰਥ ਹੈ ਵਿਸ਼ਵਾਸਯੋਗ ਬਣੇ ਰਹਿਣਾ ਤਾਂ ਜੋ ਉਹ ਪਰਮੇਸ਼ਰ ਦੀ ਦਿਆਲਗੀ ਸਦਕਾ ਆਉਣ ਵਾਲੀਆਂ ਬਰਕਤਾਂ ਦਾ ਅਨੰਦ ਮਾਣਦੇ ਰਹਿ ਸਕਣ। ਇਹ ਸੱਚ ਹੈ ਕਿ *ਮੁਕਤੀ* ਲਈ ਲਾਜ਼ਮੀ ਵਿਸ਼ਵਾਸ ਵਿੱਚ ਦਿਲੋਂ ਨਿਕਲਣ ਵਾਲੀ ਆਗਿਆਕਾਰੀ ਸ਼ਾਮਲ ਹੋਣੀ ਚਾਹੀਦੀ ਹੈ (6:17; ਵੇਖੋ 1:5; 16:26)।

ਡਗਲਸ ਜੇ. ਮੂ ਦੇ ਅਨੁਸਾਰ ਜਿਨ੍ਹਾਂ ਆਇਤਾਂ ਬਾਰੇ ਅਸੀਂ ਚਰਚਾ ਕਰ ਰਹੇ ਹਾਂ ਉਨ੍ਹਾਂ ਵਿੱਚ

"ਵਿਸ਼ਵਾਸ ਵਿੱਚ ਬਣੇ ਰਹਿਣ ਬਾਰੇ ਨਵੇਂ ਨੇਮ ਦੀ ਸਭ ਤੋਂ ਗੰਭੀਰ ਚਿਤਾਉਣੀ ਦਿੱਤੀ ਗਈ ਹੈ।"[27] ਗੈਰਯਹੂਦੀ ਮਸੀਹੀਆਂ ਕੋਲ ਘਮੰਡ ਕਰਨ ਕਰਨ ਦਾ ਕੋਈ ਕਾਰਨ ਹੈ ਹੀ ਨਹੀਂ, ਕਿਉਂਕਿ ਪਰਮੇਸ਼ਰ ਵੱਲੋਂ ਉਨ੍ਹਾਂ ਨੂੰ ਸਵੀਕਾਰ ਕੀਤੇ ਜਾਣਾ ਵੀ ਅਟੱਲ ਨਹੀਂ ਹੈ। ਜੇਕਰ ਉਹ "ਪਰਮੇਸ਼ਰ ਦੀ ਦਿਆਲਗੀ ਵਿੱਚ" ਟਿਕੇ ਨਾ ਰਹੇ ਤਾਂ ਉਹ ਵੀ ਅਵਿਸ਼ਵਾਸੀ ਯਹੂਦੀਆਂ ਦੀ ਤਰ੍ਹਾਂ ਹੀ "ਤੋੜ ਦਿੱਤੇ" ਜਾਣਗੇ। ਯੂਜੀਨ ਪੀਟਰਸਨ ਨੇ ਇਸ ਨੂੰ ਆਪਣੇ ਸ਼ਬਦਾਂ ਵਿੱਚ ਇਸ ਤਰ੍ਹਾਂ ਆਖਿਆ: "ਜਿਸ ਦਿਨ ਤੁਸੀਂ ਸੁੱਕੀ ਟਾਹਣੀ ਵਰਗੇ ਹੋ ਗਏ, ਉਸੇ ਦਿਨ ਤੁਹਾਨੂੰ ਵੱਢ ਕੇ ਸੁੱਟ ਦਿੱਤਾ ਜਾਵੇਗਾ" (MSG)।

**ਆਇਤਾਂ 23, 24.** ਪਰਮੇਸ਼ਰ ਦੀ ਕਿਰਪਾ ਦੀ ਗੱਲ ਕਰੀਏ ਤਾਂ ਪੁਰਾਣੇ ਨੇਮ ਦੇ ਸਮੇਂ ਵਿੱਚ ਯਹੂਦੀ ਕਿਰਪਾ ਦੇ "ਅੰਦਰ" ਸਨ ਅਤੇ ਜ਼ਿਆਦਾਤਰ ਗੈਰਯਹੂਦੀ "ਬਾਹਰ" ਸਨ (ਅਫ਼ਸੀਆਂ 2:12)। ਰੋਮੀਆਂ ਦੀ ਪੱਤਰੀ ਲਿਖੇ ਜਾਣ ਵੇਲੇ ਬਹੁਤ ਸਾਰੇ ਗੈਰਯਹੂਦੀ "ਅੰਦਰ" ਆ ਚੁੱਕੇ ਸਨ ਅਤੇ ਜ਼ਿਆਦਾਤਰ ਯਹੂਦੀ "ਬਾਹਰ" ਹੋ ਚੁੱਕੇ ਸਨ। ਪਰ ਇਹ ਹਾਲਾਤ ਫਿਰ ਤੋਂ ਉਲਟ ਸਕਦੇ ਹਨ। ਪੌਲੁਸ ਨੇ ਇਹ ਆਖਣ, ਕਿ ਗੈਰਯਹੂਦੀ ਮਸੀਹੀਆਂ ਨੂੰ "ਤੋੜਿਆ ਜਾ ਸਕਦਾ ਸੀ," ਤੋਂ ਬਾਅਦ ਆਖਿਆ **ਅਤੇ ਓਹ ਵੀ ਜੋ ਬੇਪਰਤੀਤੀ ਵਿੱਚ ਟਿਕੇ ਨਾ ਰਹਿਣ ਤਾਂ ਪੇਉਂਦ ਚਾੜ੍ਹੇ ਜਾਣਗੇ।** ਪਰਮੇਸ਼ਰ ਨੇ ਯਹੂਦੀਆਂ ਨੂੰ ਬਾਹਰ ਕੱਢ ਕੇ ਬੂਹੇ ਨੂੰ ਤਾਲਾ ਨਹੀਂ ਮਾਰ ਦਿੱਤਾ ਕਿ ਯਹੂਦੀ ਦੁਬਾਰਾ ਕਦੇ ਅੰਦਰ ਵੜ ਹੀ ਨਾ ਸਕਣ।

ਆਇਤ 23 ਵਿਚਲਾ "ਜੇ" ਸ਼ਬਦ ਮਹੱਤਵਪੂਰਣ ਹੈ। ਪੌਲੁਸ ਨੇ ਇਹ ਨਹੀਂ ਆਖਿਆ ਕਿ "ਓਹ ਵੀ *ਜਦੋਂ* ਬੇਪਰਤੀਤੀ ਵਿੱਚ ਟਿਕੇ ਨਾ ਰਹਿਣ," ਸਗੋਂ ਇਹ ਕਿ "ਓਹ ਵੀ *ਜੇ* ਬੇਪਰਤੀਤੀ ਵਿੱਚ ਟਿਕੇ ਨਾ ਰਹਿਣ।" ਹੈਂਡ੍ਰਿਕਸਨ ਨੇ ਟਿੱਪਣੀ ਕੀਤੀ ਕਿ "ਰਸੂਲ ਪੌਲੁਸ ਨੇ ਇਹ ਨਹੀਂ ਆਖਿਆ ਜਾਂ ਉਸ ਦਾ ਭਾਵ ਇਹ ਨਹੀਂ ਸੀ ਕਿ ਸਾਰੇ ਅਵਿਸ਼ਵਾਸੀ ਯਹੂਦੀ ਇੱਕ ਦਿਨ ਆਪਣੇ ਜ਼ੈਤੂਨ ਦੇ ਰੁੱਖ ਵਿੱਚ ਪੇਉਂਦ ਚਾੜ੍ਹੇ ਜਾਣਗੇ ਅਤੇ ਬਚਾਏ ਜਾਣਗੇ।"[28] ਸਾਡੇ ਸਾਰਿਆਂ ਦੀ ਤਰ੍ਹਾਂ ਹੀ ਯਹੂਦੀ ਵੀ ਅਜ਼ਾਦ ਨੈਤਿਕ ਪ੍ਰਾਣੀ ਹਨ ਅਤੇ ਵਿਸ਼ਵਾਸ ਕਰਨ ਜਾਂ ਨਾ ਕਰਨ ਦੀ ਚੋਣ ਕਰ ਸਕਦੇ ਹਨ।

ਜਿਹੜੇ ਲੋਕ "ਵਿਸ਼ਵਾਸ ਤਿਆਗ ਅਸੰਭਵ ਹੈ" ਦੀ ਸਿੱਖਿਆ ਨੂੰ ਮੰਨਦੇ ਹਨ, ਉਹ ਕਦੇ-ਕਦੇ ਉਨ੍ਹਾਂ ਲੋਕਾਂ ਨੂੰ ਚੁਣੌਤੀ ਦਿੰਦੇ ਹਨ ਜੋ ਇਹ ਸਿਖਾਉਂਦੇ ਹਨ ਕਿ ਪਰਮੇਸ਼ਰ ਦੀ ਸੰਤਾਨ ਪਾਪ ਕਰਕੇ ਡਿੱਗ ਨਹੀਂ ਸਕਦੀ। ਉਹ ਮਖੌਲ ਉਡਾਉਂਦਿਆਂ ਆਖਦੇ ਹਨ, "ਕੀ ਤੁਸੀਂ ਆਖ ਰਹੇ ਹੋ ਕਿ *ਵਿਸ਼ਵਾਸੀ* ਗੁਆਚ ਸਕਦੇ ਹਨ?" ਇਨ੍ਹਾਂ ਲੋਕਾਂ ਨੂੰ ਉਨ੍ਹਾਂ ਗੱਲਾਂ ਉੱਤੇ ਗੌਰ ਕਰਨ ਦੀ ਲੋੜ ਹੈ ਜਿਹੜੀਆਂ ਪੌਲੁਸ ਨੇ ਇਨ੍ਹਾਂ ਆਇਤਾਂ ਵਿੱਚ ਲਿਖੀਆਂ ਹਨ ਅਤੇ ਜਿਨ੍ਹਾਂ ਦਾ ਅਸੀਂ ਅਧਿਐਨ ਕਰ ਰਹੇ ਹਾਂ। ਪੌਲੁਸ ਆਖ ਰਿਹਾ ਹੈ ਕਿ ਇਹ ਸੰਭਵ ਹੈ ਭਈ ਇੱਕ ਅਵਿਸ਼ਵਾਸੀ ਵਿਸ਼ਵਾਸੀ ਹੋ ਜਾਵੇ (11:23)—ਅਤੇ ਇਹ ਵੀ ਸੰਭਵ ਹੈ ਕਿ ਇੱਕ ਵਿਸ਼ਵਾਸੀ ਅਵਿਸ਼ਵਾਸੀ ਹੋ ਜਾਵੇ ਅਤੇ ਗੁਆਚ ਜਾਵੇ (11:20-22)।

ਮਸੀਹੀ ਬਣਨ ਤੋਂ ਬਾਅਦ ਵੀ ਅਸੀਂ ਅਜ਼ਾਦ ਨੈਤਿਕ ਪ੍ਰਾਣੀ ਹੀ ਰਹਿੰਦੇ ਹਾਂ। ਅਸੀਂ "ਪਰਮੇਸ਼ਰ ਦੀ ਦਿਆਲਗੀ ਵਿੱਚ ਟਿਕੇ ਰਹਿ ਸਕਦੇ ਹਾਂ" ਜਾਂ ਫਿਰ ਅਸੀਂ ਉਸ ਦੇ ਦੱਸੇ ਹੋਏ ਤਰੀਕੇ ਨਾਲ ਨਾ ਜੀਉਣ ਦਾ ਫੈਸਲਾ ਵੀ ਲੈ ਸਕਦੇ ਹਾਂ। ਇਹ ਸਾਡੇ ਘਮੰਡ ਦੇ ਵਿਸ਼ੇ ਨਾਲ ਕਿਵੇਂ ਸੰਬੰਧਤ ਹੈ? ਐਫ਼. ਐਫ਼. ਬ੍ਰੂਸ ਨੇ ਟਿੱਪਣੀ ਕਰਦਿਆਂ ਆਖਿਆ ਕਿ "ਘਮੰਡ ਦੀ ਆਤਮਾ" ਸਾਨੂੰ ਇਹ ਭੁਲਾ ਸਕਦੀ ਹੈ ਕਿ ਅਸੀਂ "ਰੱਬੀ ਕਿਰਪਾ 'ਤੇ ਨਿਰਭਰ ਕਰਦੇ ਹਾਂ ਅਤੇ ਅਸੀਂ ਆਤਮ-ਵਿਸ਼ਵਾਸ ਦੇ ਬਦਲੇ ਪਰਮੇਸ਼ਰ ਵਿੱਚ ਵਿਸ਼ਵਾਸ ਨੂੰ ਚੁਣ ਲਿਆ ਹੈ। ਜੇਕਰ ਅਸੀਂ ਸੱਚਮੁੱਚ ਇਹ ਭੁਲਾ ਬੈਠੇ ਤਾਂ ਅਸੀਂ

ਵੀ "ਤੋੜੇ ਜਾ ਸਕਦੇ ਹਾਂ।"[29] ਪੌਲੁਸ ਨੇ ਸਾਨੂੰ ਸਾਰਿਆਂ ਨੂੰ ਇਹ ਚੁਣੌਤੀ ਦਿੱਤੀ, "ਆਪਣਾ ਪਰਤਾਵਾ ਕਰੋ ਕਿ ਤੁਸੀਂ ਨਿਹਚਾ ਵਿੱਚ ਹੋ ਯਾ ਨਹੀਂ। ਆਪਣੇ ਆਪ ਨੂੰ ਪਰਖੋ" (2 ਕੁਰਿੰਥੀਆਂ 13:5)।

ਇਹ ਆਖਣ ਤੋਂ ਬਾਅਦ ਕਿ "ਓਹ ਵੀ ਜੋ ਬੇਪਰਤੀਤੀ ਵਿੱਚ ਟਿਕੇ ਨਾ ਰਹਿਣ" ਪੌਲੁਸ ਨੇ ਆਖਿਆ,

> **. . . ਕਿਉਂ ਜੋ ਪਰਮੇਸ਼ੁਰ ਨੂੰ ਸਮਰੱਥਾ ਹੈ ਜੋ ਉਨ੍ਹਾਂ ਨੂੰ ਫੇਰ ਪੇਉਂਦ ਚਾੜ੍ਹੇ। ਕਿਉਂਕਿ ਜੇ ਤੂੰ ਉਸ ਜ਼ੈਤੂਨ ਦੇ ਰੁੱਖ ਨਾਲੋਂ ਵੱਢਿਆ ਗਿਆ ਜਿਹੜਾ ਸੁਭਾਉ ਕਰਕੇ ਜੰਗਲੀ ਹੈ ਅਤੇ ਸੁਭਾਉ ਦੇ ਵਿਰੁੱਧ ਚੰਗੇ ਜ਼ੈਤੂਨ ਦੇ ਰੁੱਖ ਨੂੰ ਪੇਉਂਦ ਚਾੜ੍ਹਿਆ ਗਿਆ ਤਾਂ ਏਹ ਜਿਹੜੀਆਂ ਅਸਲੀ ਡਾਲੀਆਂ ਹਨ ਆਪਣੇ ਹੀ ਜ਼ੈਤੂਨ ਦੇ ਰੁੱਖ ਨੂੰ ਕਿੰਨਾ ਕੁ ਵਧ ਕੇ ਪੇਉਂਦ ਨਾ ਚਾੜ੍ਹੀਆਂ ਜਾਣਗੀਆਂ!**

ਤਰਕ ਸਾਨੂੰ ਦੱਸਦਾ ਹੈ ਕਿ "ਅਸਲੀ" ਡਾਲੀਆਂ (ਯਹੂਦੀਆਂ) ਨੂੰ ਪੇਉਂਦ ਚਾੜ੍ਹਣਾ "ਜੰਗਲੀ" ਡਾਲੀਆਂ (ਗੈਰਯਹੂਦੀਆਂ) ਨੂੰ ਪੇਉਂਦ ਚਾੜ੍ਹਣ ਦੀ ਤੁਲਨਾ ਵਿੱਚ ਸੌਖਾ ਹੈ।

ਕੁਝ ਲੇਖਕ ਆਇਤਾਂ ਦੇ ਇਸ ਹਿੱਸੇ 'ਤੇ ਆਣ ਕੇ ਖਿੱਝ ਜਾਂਦੇ ਹਨ। ਉਹ ਇਹ ਇਤਰਾਜ਼ ਕਰਦੇ ਹਨ ਕਿ ਕਿਸੇ ਬਾਗ ਦਾ ਮਾਲੀ ਅਜਿਹਾ ਕਦੇ ਨਹੀਂ ਕਰ ਸਕਦਾ ਕਿ ਪਹਿਲਾਂ ਉਹ ਇੱਕ ਫਲਹੀਣ ਡਾਲੀ ਨੂੰ ਤੋੜ ਦੇਵੇ (ਵੇਖੋ ਯੂਹੰਨਾ 15:2) ਅਤੇ ਫਿਰ ਉਸ ਨੂੰ ਉਸੇ ਦੀ ਥਾਂ 'ਤੇ ਦੁਬਾਰਾ ਪੇਉਂਦ ਚਾੜ੍ਹਣ ਦਾ ਜਤਨ ਕਰੇ। ਉਹ ਇਹ ਵੀ ਆਖਦੇ ਹਨ ਕਿ ਇੱਕ ਵਾਰ ਜਿਹੜੀ ਡਾਲੀ ਤਣੇ ਤੋਂ ਤੋੜ ਦਿੱਤੀ ਜਾਂਦੀ ਹੈ ਉਹ ਛੇਤੀ ਹੀ ਸੁੱਕ ਜਾਂਦੀ ਹੈ ਅਤੇ ਬਾਲਣ ਤੋਂ ਇਲਾਵਾ ਹੋਰ ਕਿਸੇ ਕੰਮ ਦੀ ਨਹੀਂ ਰਹਿ ਜਾਂਦੀ (ਵੇਖੋ ਯੂਹੰਨਾ 15:6); ਇਸ ਨੂੰ ਵਾਪਿਸ ਪੇਉਂਦ ਚਾੜ੍ਹਣਾ *ਅਸੰਭਵ* ਹੋਵੇਗਾ। ਉਹ ਪੌਲੁਸ ਨੂੰ ਇੱਕ ਸ਼ਹਿਰੀ ਲੜਕਾ ਸਮਝਦੇ ਹਨ ਜੋ ਬਾਗਬਾਨੀ ਬਾਰੇ ਆਪਣੀ ਅਗਿਆਨਤਾ ਨੂੰ ਪਰਗਟ ਕਰ ਰਿਹਾ ਹੈ। ਅਜਿਹੇ ਲੋਕਾਂ ਨੂੰ ਅਸੀਂ ਪਹਿਲਾਂ ਇਹ ਆਖਣਾ ਚਾਹਾਂਗੇ, "ਐਨੇ ਉਤਾਵਲੇ ਨਾ ਹੋਵੋ। ਕਿਉਂਕਿ ਇਹ ਕੇਵਲ ਇੱਕ *ਉਦਾਹਰਣ* ਹੈ।" ਪੌਲੁਸ ਦਾ ਮਕਸਦ ਰੱਬੀ ਸੱਚਾਈ ਦੀ ਸਿੱਖਿਆ ਦੇਣਾ ਹੈ। ਇੱਕ ਵਾਰੀ ਯਿਸੂ ਨੇ ਅਜਿਹੇ ਇੱਕ ਸੁਆਮੀ ਬਾਰੇ ਦੱਸਿਆ ਜਿਸ ਨੇ ਆਪਣੇ ਚਾਕਰ ਦਾ ਕਰੋੜਾਂ ਰੁਪਏ ਦਾ ਕਰਜ਼ ਮਾਫ ਕਰ ਦਿੱਤਾ (ਮੱਤੀ 18:23-27), ਜਿਹੜਾ ਅਸਲ ਵਿੱਚ ਹੋਣਾ ਅਸੰਭਵ ਜਾਪਦਾ ਹੈ! ਕੀ ਇਸ ਦਾ ਅਰਥ ਹੈ ਕਿ ਯਿਸੂ ਆਪਣੇ ਸਮੇਂ ਦੇ ਸੁਆਮੀ/ਚਾਕਰ ਸੰਬੰਧ ਬਾਰੇ ਅਗਿਆਨੀ ਸੀ? ਨਹੀਂ, ਇਹ ਕੇਵਲ ਇੱਕ ਉਦਾਹਰਣ ਸੀ।

ਦੂਜਾ, ਇਹ ਆਇਤਾਂ ਇਹ ਨਹੀਂ ਆਖਦੀਆਂ ਕਿ "*ਮਨੁੱਖ* ਉਨ੍ਹਾਂ ਨੂੰ ਵਾਪਿਸ ਪੇਉਂਦ ਚਾੜ੍ਹਣ ਵਿੱਚ ਸਮਰੱਥ ਹੈ," ਪਰ ਇਹ ਕਿ "*ਪਰਮੇਸ਼ਰ* ਉਨ੍ਹਾਂ ਨੂੰ ਮੁੜ ਪੇਉਂਦ ਚਾੜ੍ਹਣ ਵਿੱਚ ਸਮਰੱਥ ਹੈ।" ਮੱਤੀ 19:26 ਦੇ ਸ਼ਬਦ ਢੁਕਵੇਂ ਜਾਪਦੇ ਹਨ: "ਇਹ ਮਨੁੱਖ ਤੋਂ ਅਣਹੋਣਾ ਹੈ ਪਰ ਪਰਮੇਸ਼ੁਰ ਤੋਂ ਸੱਭੋ ਕੁਝ ਹੋ ਸੱਕਦਾ ਹੈ।" ਕਿਉਂ ਜੋ ਪ੍ਰਭੂ ਮੁਰਦਿਆਂ ਨੂੰ ਵੀ ਜਿਵਾਲ ਸਕਦਾ ਹੈ (ਵੇਖੋ 11:15), ਤਾਂ ਉਹ ਨਿਸ਼ਚਿਤ ਤੌਰ 'ਤੇ ਇੱਕ ਸੁੱਕੀ ਡਾਲੀ ਨੂੰ ਮੁੜ ਹਰਾ ਵੀ ਕਰ ਸਕਦਾ ਹੈ ਤਾਂ ਜੋ ਉਸ ਨੂੰ ਮੁੜ ਪੇਉਂਦ ਚਾੜ੍ਹ ਸਕੇ।

ਕੀ ਗੈਰਯਹੂਦੀ ਮਸੀਹੀਆਂ ਕੋਲ ਇਸ ਬਾਰੇ ਘਮੰਡ ਕਰਨ ਦਾ ਕੋਈ ਕਾਰਨ ਸੀ ਕਿ ਉਨ੍ਹਾਂ ਨੂੰ ਤਾਂ ਸਵੀਕਾਰ ਕਰ ਲਿਆ ਗਿਆ ਸੀ ਜਦਕਿ ਬਹੁਤੇ ਯਹੂਦੀਆਂ ਨੂੰ ਠੁਕਰਾ ਦਿੱਤਾ ਗਿਆ ਸੀ? ਨਹੀਂ, ਹਾਲਾਤ ਕਿਸੇ ਵੀ ਸਮੇਂ ਉਲਟ ਸਕਦੇ ਹਨ। ਇਹ ਸੰਭਵ ਹੈ ਕਿ ਯਹੂਦੀਆਂ ਨੂੰ ਮੁੜ ਸਵੀਕਾਰ

ਕਰ ਲਿਆ ਜਾਵੇ—ਜੇਕਰ ਯਹੂਦੀ ਆਪਣੀ ਬੇਪਰਤੀਤੀ ਤੋਂ ਫਿਰ ਜਾਣ।

## ਯਹੂਦੀਆਂ ਦਾ ਠੁਕਰਾਇਆ ਜਾਣਾ ਅਟੱਲ ਨਹੀਂ ਹੈ (11:25-32)

**25ਹੁਣ ਹੇ ਭਰਾਵੋ, ਕਿਤੇ ਐਉਂ ਨਾ ਹੋਵੇ ਜੋ ਤੁਸੀਂ ਆਪਣੀ ਜਾਚ ਵਿੱਚ ਸਿਆਣੇ ਬਣ ਬੈਠੋ
ਮੈਂ ਚਾਹੁੰਦਾ ਹਾਂ ਜੋ ਤੁਸੀਂ ਇਸ ਭੇਤ ਤੋਂ ਅਣਜਾਣ ਨਾ ਰਹੋ ਭਈ ਕੁਝ ਕਠੋਰਤਾ ਇਸਰਾਏਲ ਉੱਤੇ
ਆਣ ਪਈ ਹੈ ਅਤੇ ਪਈ ਰਹੇਗੀ ਜਿੰਨਾ ਚਿਰ ਪਰਾਈਆਂ ਕੌਮਾਂ ਦੀ ਭਰਪੂਰੀ ਨਾ ਹੋ ਲਵੇ।
26ਅਤੇ ਇਸੇ ਤਰਾਂ ਸਾਰਾ ਇਸਰਾਏਲ ਬਚ ਜਾਵੇਗਾ ਜਿਵੇਂ ਲਿਖਿਆ ਹੋਇਆ ਹੈ,-**

**ਇਸਰਾਏਲ ਦਾ ਛੁਡਾਉਣ ਵਾਲਾ ਸੀਯੋਨ ਤੋਂ ਨਿੱਕਲੇਗਾ,**
**ਉਹ ਯਾਕੂਬ ਤੋਂ ਅਭਗਤੀ ਹਟਾਵੇਗਾ,**
**27ਅਤੇ ਓਹਨਾਂ ਦੇ ਨਾਲ ਮੇਰਾ ਇਹ ਨੇਮ ਹੋਵੇਗਾ,**
**ਜਾਂ ਮੈਂ ਓਹਨਾਂ ਦੇ ਪਾਪ ਚੁੱਕ ਲੈ ਜਾਵਾਂਗਾ।**

**28ਇੰਜੀਲ ਦੇ ਅਨੁਸਾਰ ਓਹ ਤੁਹਾਡੇ ਕਾਰਨ ਵੈਰੀ ਹਨ ਪਰ ਚੋਣ ਦੇ ਅਨੁਸਾਰ ਵੱਡਿਆਂ
ਦੇ ਕਾਰਨ ਪਿਆਰੇ ਹਨ। 29ਕਿਉਂ ਜੋ ਪਰਮੇਸ਼ੁਰ ਦੀਆਂ ਦਾਤਾਂ ਅਤੇ ਸੱਦਾ ਅਟਲ ਹਨ। 30ਜਿਸ
ਪਰਕਾਰ ਤੁਸੀਂ ਪਹਿਲਾਂ ਪਰਮੇਸ਼ੁਰ ਦੇ ਅਣਆਗਿਆਕਾਰ ਸਾਓ ਪਰ ਹੁਣ ਉਨ੍ਹਾਂ ਦੀ
ਅਣਆਗਿਆਕਾਰੀ ਦੇ ਕਾਰਨ ਤੁਹਾਡੇ ਉੱਤੇ ਦਯਾ ਕੀਤੀ ਗਈ। 31ਇਸੇ ਪਰਕਾਰ ਹੁਣ ਇਹ
ਵੀ ਅਣਆਗਿਆਕਾਰ ਹੋਏ ਭਈ ਤੁਹਾਡੇ ਉੱਤੇ ਜੋ ਦਯਾ ਕੀਤੀ ਗਈ ਹੈ ਉਸ ਕਰਕੇ ਓਹਨਾਂ
ਉੱਤੇ ਭੀ ਦਯਾ ਕੀਤੀ ਜਾਵੇ। 32ਸੋ ਪਰਮੇਸ਼ੁਰ ਨੇ ਸਭਨਾਂ ਨੂੰ ਇੱਕ ਸੰਗ ਕਰਕੇ ਅਣਆਗਿਆਕਾਰੀ
ਦੇ ਬੰਧਨ ਵਿੱਚ ਬੱਧਾ ਭਈ ਉਹ ਸਭਨਾਂ ਉੱਤੇ ਦਯਾ ਕਰੇ।**

**ਆਇਤਾਂ 25, 26.** ਇਸ ਹਿੱਸੇ ਦਾ ਅਰੰਭ ਇਸ ਪੁਸਤਕ ਦੀ ਸਭ ਤੋਂ ਹੈਰਾਨੀਜਨਕ ਭਾਸ਼ਾ ਦੇ ਨਾਲ ਹੁੰਦਾ ਹੈ:

> **ਹੁਣ ਹੇ ਭਰਾਵੋ, ਕਿਤੇ ਐਉਂ ਨਾ ਹੋਵੇ ਜੋ ਤੁਸੀਂ ਆਪਣੀ ਜਾਚ ਵਿੱਚ ਸਿਆਣੇ ਬਣ ਬੈਠੋ ਮੈਂ ਚਾਹੁੰਦਾ ਹਾਂ ਜੋ ਤੁਸੀਂ ਇਸ ਭੇਤ ਤੋਂ ਅਣਜਾਣ ਨਾ ਰਹੋ ਭਈ ਕੁਝ ਕਠੋਰਤਾ ਇਸਰਾਏਲ ਉੱਤੇ ਆਣ ਪਈ ਹੈ ਅਤੇ ਪਈ ਰਹੇਗੀ ਜਿੰਨਾ ਚਿਰ ਪਰਾਈਆਂ ਕੌਮਾਂ ਦੀ ਭਰਪੂਰੀ ਨਾ ਹੋ ਲਵੇ ਅਤੇ ਇਸੇ ਤਰਾਂ ਸਾਰਾ ਇਸਰਾਏਲ ਬਚ ਜਾਵੇਗਾ।**

ਕਿਉਂ ਜੋ ਇਹ ਇੱਕ ਔਖਾ ਅਤੇ ਵਿਵਾਦ ਭਰਿਆ ਬੰਦ ਹੈ, ਇਸ ਕਰਕੇ ਵੱਖ-ਵੱਖ ਪੱਖਾਂ ਦੀ ਜਾਂਚ ਕੀਤੀ ਅਤੇ ਵਿਸ਼ਲੇਸ਼ਣ ਕੀਤਾ ਜਾਵੇਗਾ ਅਤੇ ਕੁਝ ਸੰਭਵ ਵਿਆਖਿਆਵਾਂ ਪੇਸ਼ ਕੀਤੀਆਂ ਜਾਣਗੀਆਂ।

ਇਸ ਸੰਦਰਭ ਵਿੱਚ ਧਾਰਮਿਕ ਜਗਤ ਦੇ ਕਈ ਲੋਕ "ਪਰਾਈਆਂ ਕੌਮਾਂ ਦੀ ਭਰਪੂਰੀ" ਦੀ ਵਿਆਖਿਆ "ਪਰਾਈਆਂ ਕੌਮਾਂ ਦੀ ਪੂਰੀ ਗਿਣਤੀ" ਵਜੋਂ ਕਰਦੇ ਹਨ। ਉਨ੍ਹਾਂ ਦੀ ਮਾਨਤਾ ਹੈ ਕਿ ਪਰਮੇਸ਼ਰ ਨੇ ਗੈਰਯਹੂਦੀ ਮਸੀਹੀਆਂ ਦੀ ਇੱਕ ਗਿਣਤੀ ਮਿੱਥੀ ਹੋਈ ਹੈ। ਫਿਰ ਉਹ ਉਮੀਦ ਲਗਾਈ ਬੈਠੇ ਹਨ ਕਿ ਜਦੋਂ ਉਹ ਗਿਣਤੀ ਪੂਰੀ ਹੋ ਜਾਵੇਗੀ, ਉਦੋਂ ਪੂਰੀ ਯਹੂਦੀ ਅਬਾਦੀ ਪ੍ਰਭੂ ਯਿਸੂ ਨੂੰ ਕਬੂਲ ਕਰ ਲਵੇਗੀ ("ਸਾਰਾ ਇਸਰਾਏਲ ਬਚ ਜਾਵੇਗਾ")।

ਇਹ ਵਿਆਖਿਆ ਬਹੁਤ ਪ੍ਰਚਲਿਤ ਹੈ। ਜਿਹੜੇ ਲੋਕ ਇਹ ਵਿਸ਼ਵਾਸ ਕਰਦੇ ਹਨ ਕਿ ਮਸੀਹ ਦਾ ਇੱਕ ਹਜ਼ਾਰ ਵਰ੍ਹਿਆਂ ਦਾ ਰਾਜ ਉਸ ਦੀ ਦੂਜੀ ਆਮਦ ਦੇ ਨਾਲ ਹੀ ਅਰੰਭ ਹੋ ਜਾਵੇਗਾ (ਪ੍ਰੀਮਿਲੇਨਿਯਲ), ਉਹ ਕਈ ਵਰ੍ਹਿਆਂ ਤੋਂ ਇਸ ਗੱਲ ਨੂੰ ਆਪਣੀ "ਅੰਤ ਸਮੇਂ" ਦੀ ਸਿੱਖਿਆ ਦਾ ਹਿੱਸਾ ਬਣਾਉਂਦੇ ਆਏ ਹਨ। ਇਸ ਤੋਂ ਇਲਾਵਾ, ਪ੍ਰਭੂ ਦੀ ਕਲੀਸੀਆ ਦੇ ਲੋਕਾਂ ਦੁਆਰਾ ਲਿਖੀਆਂ ਗਈਆਂ ਕੁਝ ਪੁਰਾਣੀਆਂ ਕਮੈਂਟ੍ਰੀਆਂ ਵੀ ਇਨ੍ਹਾਂ ਤੱਥਾਂ ਨੂੰ ਬਿਆਨ ਕਰਦੀਆਂ ਹਨ।[30] ਪਰ ਹੈਰਾਨੀ ਦੀ ਗੱਲ ਇਹ ਹੈ ਕਿ ਕੁਝ ਟਿੱਪਣੀਕਾਰ—ਇੱਥੋਂ ਤੱਕ ਕਿ ਉਹ ਵੀ ਜਿਹੜੇ ਉੱਪਰ ਦੱਸੇ ਗਏ ਸਮੂਹ ਦਾ ਹਿੱਸਾ ਨਹੀਂ ਹਨ—ਮੰਨਦੇ ਹਨ ਕਿ ਆਇਤ 25 ਅਤੇ 26 ਵਿੱਚ ਪੌਲੁਸ ਇੱਕ ਰਹੱਸ ("ਭੇਤ") ਦੱਸ ਰਿਹਾ ਹੈ ਜਿਸ ਨੂੰ ਪਹਿਲਾਂ ਕਦੇ ਪਰਗਟ ਨਹੀਂ ਕੀਤਾ ਗਿਆ ਸੀ: ਉਹ ਭੇਤ ਇਹ ਹੈ ਕਿ ਪ੍ਰਭੂ ਦੀ ਵਾਪਸੀ ਤੋਂ ਠੀਕ ਪਹਿਲਾਂ ਵੱਡੀ ਗਿਣਤੀ ਵਿੱਚ ਯਹੂਦੀ ਲੋਕ ਪ੍ਰਭੂ ਯਿਸੂ ਨੂੰ ਕਬੂਲ ਕਰਨਗੇ।

ਆਇਤਾਂ 25 ਅਤੇ 26 ਉੱਤੇ ਚਰਚਾ ਕਰਦਿਆਂ ਪਹਿਲਾਂ ਅਸੀਂ ਅਜਿਹੀਆਂ ਕੁਝ ਧਾਰਣਾਵਾਂ ਨੂੰ ਵੇਖਾਂਗੇ ਜਿਨ੍ਹਾਂ ਨੂੰ ਰੱਦਿਆ ਜਾਣਾ ਜ਼ਰੂਰੀ ਹੈ।

*ਧਾਰਣਾ 1: "ਪੌਲੁਸ ਨੇ ਇੱਕ ਨਵੇਂ ਵਿਸ਼ੇ ਦਾ ਅਰੰਭ ਕੀਤਾ।"* ਸਮੱਸਿਆ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਵਿਆਖਿਆਕਾਰ ਅਧਿਆਇ 11 ਦੇ ਆਖਰੀ ਹਿੱਸੇ ਨੂੰ ਬਾਕੀ ਦੇ ਅਧਿਆਇ ਤੋਂ ਵੱਖਰਾ ਕਰਨ ਦਾ ਜਤਨ ਕਰਦੇ ਹਨ—ਜਿਵੇਂ ਕਿ ਪੌਲੁਸ ਇੱਕ ਨਵੇਂ ਵਿਸ਼ੇ ਦਾ ਅਰੰਭ ਕਰ ਰਿਹਾ ਹੋਵੇ। ਆਇਤ 25 ਇਸ ਪੱਖ ਨੂੰ ਰੱਦ ਕਰਦੀ ਹੈ ਕਿਉਂਕਿ ਇਹ "ਹੁਣ" (γάρ, *ਗਾਰ*) ਸ਼ਬਦ ਤੋਂ ਅਰੰਭ ਹੁੰਦੀ ਹੈ, ਜੋ ਬਾਅਦ ਵਿੱਚ ਆਉਣ ਵਾਲੇ ਸ਼ਬਦਾਂ ਨੂੰ ਪਹਿਲਾਂ ਆਏ ਸ਼ਬਦਾਂ ਨਾਲ ਜੋੜਦਾ ਹੈ। ਆਇਤ 25 ਦੇ "ਭਰਾਵੋ" ਉਹੀ ਗੈਰਯਹੂਦੀ ਮਸੀਹੀ ਹਨ ਜਿਨ੍ਹਾਂ ਦੇ ਨਾਲ ਪੌਲੁਸ ਹੁਣ ਤੱਕ ਗੱਲ ਕਰਦਾ ਆ ਰਿਹਾ ਸੀ (11:13)। ਪੌਲੁਸ ਅਜੇ ਵੀ ਗੈਰਯਹੂਦੀਆਂ ਅੱਗੇ ਬੇਨਤੀ ਕਰ ਰਿਹਾ ਸੀ ਕਿ ਉਹ "ਘਮੰਡ" ਜਾਂ "ਗਰਬ" ਨਾ ਕਰਨ (11:18, 20) ਅਤੇ ਨਾ ਹੀ "ਆਪਣੀ ਜਾਚ ਵਿੱਚ ਸਿਆਣੇ ਬਣਨ" (11:25)।

ਆਇਤਾਂ 25 ਅਤੇ 26 ਦੇ ਬਾਅਦ ਆਉਣ ਵਾਲੀਆਂ ਆਇਤਾਂ ਵਿੱਚ ਪੌਲੁਸ ਉਸੇ ਵਿਚਾਰ ਨੂੰ ਅਗਾਹਾਂ ਵਧਾਉਂਦਾ ਹੈ ਜਿਸ ਨੂੰ ਉਸ ਨੇ ਇਸ ਅਧਿਆਇ ਦੇ ਪਹਿਲੇ ਹਿੱਸੇ ਵਿੱਚ ਅਰੰਭ ਕੀਤਾ ਸੀ (ਵੇਖੋ 11:11-14)। (ਪਰਮੇਸ਼ਰ ਵੱਲੋਂ) ਯਹੂਦੀਆਂ ਨੂੰ ਠੁਕਰਾਏ ਜਾਣ ਦੇ ਨਤੀਜੇ ਵਜੋਂ (ਪਰਮੇਸ਼ਰ ਵੱਲੋਂ) ਗੈਰਯਹੂਦੀਆਂ ਨੂੰ ਸਵੀਕਾਰ ਕਰ ਲਿਆ ਗਿਆ। ਅਧਿਆਇ 11 ਦੇ ਆਖਰੀ ਹਿੱਸੇ ਵਿੱਚ ਇਸੇ ਵਿਚਾਰ ਨੂੰ ਦੁਹਰਾਇਆ ਗਿਆ ਹੈ। ਉਦਾਹਰਣ ਵਜੋਂ, ਆਇਤਾਂ 30 ਅਤੇ 31 ਇਸ ਤਰਤੀਵ ਨੂੰ ਦਰਸ਼ਾਉਂਦੀਆਂ ਹਨ:

ਯਹੂਦੀਆਂ ਦੀ ਅਣਆਗਿਆਕਾਰੀ (ਜਿਸ ਦੇ ਨਤੀਜੇ ਵਜੋਂ ਪਰਮੇਸ਼ਰ ਨੇ ਉਨ੍ਹਾਂ ਨੂੰ ਠੁਕਰਾ ਦਿੱਤਾ)
ਗੈਰਯਹੂਦੀਆਂ ਉੱਤੇ ਦਯਾ ਕੀਤੀ ਗਈ (ਪਰਮੇਸ਼ਰ ਨੇ ਗੈਰਯਹੂਦੀਆਂ ਨੂੰ ਸਵੀਕਾਰ ਕਰ ਲਿਆ)
ਯਹੂਦੀਆਂ ਉੱਤੇ ਵੀ ਦਯਾ ਕੀਤੀ ਗਈ (ਪਰਮੇਸ਼ਰ ਨੇ ਯਹੂਦੀਆਂ ਨੂੰ ਸਵੀਕਾਰ ਕਰ ਲਿਆ)

*ਧਾਰਣਾ 2: "'ਭੇਤ' ਦਾ ਅਰਥ ਹੈ ਅਜਿਹਾ ਕੁਝ ਜਿਹੜਾ ਪਹਿਲਾਂ ਪਰਗਟ ਨਹੀਂ ਹੋਇਆ*

*ਹੈ।”* “ਭੇਤ” ਸ਼ਬਦ ਦੇ ਬਾਰੇ ਉਲਝਣ ਸੰਬੰਧੀ ਸਮੱਸਿਆ ਲਗਾਤਾਰ ਬਣੀ ਰਹਿੰਦੀ ਹੈ। “ਭੇਤ” ਯੂਨਾਨੀ ਸ਼ਬਦ (μυστήριον, *ਮੁਸਟੇਰਿਓਨ*) ਦਾ ਅਨੁਵਾਦ ਹੈ। ਬਾਈਬਲ ਵਿੱਚ ਇਸਤੇਮਾਲ ਹੋਏ *ਮੁਸਟੇਰਿਓਨ* ਦਾ ਅਰਥ ਅਜਿਹੀ ਕਿਸੇ ਗੱਲ ਨਾਲ ਨਹੀਂ ਹੈ ਜਿਹੜੀ ਲੁਕੀ ਹੋਈ ਹੈ, ਸਗੋਂ ਅਜਿਹੀ ਗੱਲ ਨਾਲ ਹੈ ਜਿਹੜੀ ਤਦ ਤੱਕ ਜਾਣੀ ਨਹੀਂ ਜਾ ਸਕਦੀ ਸੀ ਜਦ ਤੱਕ ਪਰਮੇਸ਼ਰ ਇਸ ਨੂੰ ਪਰਗਟ ਨਾ ਕਰੇ (1 ਕੁਰਿੰਥੀਆਂ 2:7; ਅਫ਼ਸੀਆਂ 3:9)। ਡਬਲਿਊ. ਈ. ਵਾਈਨ ਨੇ ਲਿਖਿਆ ਕਿ “ਸਧਾਰਨ ਸ਼ਬਦਾਂ ਵਿੱਚ ‘ਭੇਤ’ ਦਾ ਅਰਥ ਅਜਿਹਾ ਗਿਆਨ ਹੁੰਦਾ ਹੈ ਜਿਸ ਨੂੰ ਲੁਕਾਇਆ ਗਿਆ ਹੈ; ਪਵਿੱਤਰ ਸ਼ਾਸਤਰ ਦੇ ਸੰਦਰਭ ਵਿੱਚ ਇਸ ਦਾ ਅਰਥ ਹੈ ਅਜਿਹੀ ਸੱਚਾਈ ਜਿਹੜੀ ਪਰਗਟ ਕੀਤੀ ਜਾ ਚੁੱਕੀ ਹੈ।”[31] ਆਮਤੌਰ ’ਤੇ ਨਵੇਂ ਨੇਮ ਵਿੱਚ “ਭੇਤ” ਦਾ ਸੰਬੰਧ ਯਿਸੂ ਨੂੰ ਸੰਸਾਰ ਵਿੱਚ ਘੱਲੇ ਜਾਣ ਦੀ ਪਰਮੇਸ਼ਰ ਦੀ ਯੋਜਨਾ ਅਤੇ ਇਸ ਯੋਜਨਾ ਦੇ ਨਾਲ ਜੁੜੀ ਹਰੇਕ ਗੱਲ ਦੇ ਪਰਕਾਸ਼ ਨਾਲ ਹੈ (ਕੁਲੁੱਸੀਆਂ 1:27; 2:2; 1 ਤਿਮੋਥਿਉਸ 3:16)। ਪੌਲੁਸ ਨੇ ਰੋਮੀਆਂ ਨੂੰ ਲਿਖੇ ਆਪਣੇ ਪੱਤਰ ਦਾ ਅੰਤ ਕਰਦਿਆਂ ਆਖਿਆ,

> ਹੁਣ ਉਸ ਦੀ ਜੋ ਮੇਰੀ ਇੰਜੀਲ ਦੇ ਅਤੇ ਯਿਸੂ ਮਸੀਹ ਦੀ ਮੁਨਾਦੀ ਦੇ ਅਨੁਸਾਰ ਤੁਹਾਨੂੰ ਇਸਥਿਰ ਕਰ ਸੱਕਦਾ ਹੈ, ਹਾਂ, ਉਸ *ਭੇਤ* ਦੇ ਪਰਕਾਸ਼ ਦੇ ਅਨੁਸਾਰ ਜਿਹੜਾ ਸਨਾਤਨ ਸਮੇਂ ਤੋਂ *ਗੁਪਤ ਰੱਖਿਆ ਗਿਆ* ਪਰ *ਹੁਣ ਪਰਗਟ ਹੋਇਆ* ਅਤੇ ਅਨਾਦੀ ਪਰਮੇਸ਼ੁਰ ਦੇ ਹੁਕਮ ਦੇ ਅਨੁਸਾਰ ਨਬੀਆਂ ਦੀਆਂ ਧਰਮ ਪੁਸਤਕਾਂ ਦੇ ਦੁਆਰਾ ਸਾਰੀਆਂ ਕੌਮਾਂ ਵਿੱਚ ਪਰਸਿੱਧ ਕੀਤਾ ਗਿਆ ਤਾਂ ਜੋ ਓਹਨਾਂ ਵਿੱਚ ਨਿਹਚਾ ਦੀ ਆਗਿਆਕਾਰੀ ਹੋ ਜਾਏ . . . (16:25, 26; ਜ਼ੋਰ ਦਿੱਤਾ ਗਿਆ ਹੈ)।

ਜ਼ਿਆਦਾਤਰ ਲੇਖਕ *ਮੁਸਟੇਰਿਓਨ* ਦੇ ਮੁੱਢਲੇ ਅਰਥ ਨੂੰ ਜਾਣਦੇ ਹਨ। ਫਿਰ ਵੀ ਰੋਮੀਆਂ 11:25 ਵਿੱਚ ਅਜਿਹਾ ਸ਼ਬਦ ਹੀ ਵਰਤਣਾ ਚਾਹੁੰਦੇ ਹਨ ਜਿਹੜਾ ਉਸ ਭੇਤ ਵੱਲ ਇਸ਼ਾਰਾ ਕਰੇ ਜਿਸ ਨੂੰ ਪੌਲੁਸ ਆਪਣੇ ਪਾਠਕਾਂ ਦੇ ਨਾਲ ਵੰਡਣ ਜਾ ਰਿਹਾ ਸੀ। ਇਹ ਮੰਨਿਆ ਜਾਂਦਾ ਹੈ ਕਿ ਇਹ ਭੇਤ—ਜਿਹੜਾ ਪਹਿਲਾਂ ਨਾ ਤਾਂ ਕਦੇ ਪਰਗਟ ਕੀਤਾ ਗਿਆ ਅਤੇ ਨਾ ਹੀ ਜਿਸ ਦਾ ਜ਼ਿਕਰ ਬਾਈਬਲ ਵਿੱਚ ਦੁਬਾਰਾ ਕਿਤੇ ਹੋਇਆ ਹੈ—ਵੱਡੀ ਗਿਣਤੀ ਵਿੱਚ ਯਹੂਦੀਆਂ ਦਾ ਪ੍ਰਭੂ ਯਿਸੂ ਨੂੰ ਕਬੂਲ ਕਰਨਾ ਹੈ।

ਸਗੋਂ ਅਜਿਹਾ ਜਾਪਦਾ ਹੈ ਕਿ *ਮੁਸਟੇਰਿਓਨ* ਇਨ੍ਹਾਂ ਆਇਤਾਂ ਵਿੱਚ ਓਨਾ ਭੇਤ ਭਰਿਆ ਨਹੀਂ ਹੈ। ਜਿਵੇਂ ਕਿ ਪਹਿਲਾਂ ਵੀ ਆਖਿਆ ਗਿਆ ਹੈ, ਪੌਲੁਸ ਕਿਸੇ ਨਵੇਂ ਵਿਸ਼ੇ ਦਾ ਅਰੰਭ ਨਹੀਂ ਕਰ ਰਿਹਾ ਸੀ; ਸਗੋਂ ਆਪਣੇ ਮੁੱਖ ਵਿਚਾਰ ਦੀ ਲਕੀਰ ਉੱਤੇ ਹੀ ਅਗਾਹਾਂ ਵਧ ਰਿਹਾ ਸੀ। ਇਸ ਕਰਕੇ, ਇਸ ਸੰਦਰਭ ਵਿੱਚ, *ਮੁਸਟੇਰਿਓਨ* ਦਾ ਅਰਥ ਹੈ, ਪਰਮੇਸ਼ਰ ਦੁਆਰਾ ਗੈਰਯਹੂਦੀਆਂ ਨੂੰ ਸਵੀਕਾਰ ਕਰਨ ਦੁਆਰਾ ਯਹੂਦੀਆਂ ਨੂੰ ਅਣਖੀ ਬਣਾ ਕੇ (ਤੀਬਰ ਇੱਛਾ ਜਗਾ ਕੇ) ਉਨ੍ਹਾਂ ਨੂੰ ਬਚਾਉਣ ਦੀ ਪਰਮੇਸ਼ਰ ਦੀ ਅਦਭੁਤ ਯੋਜਨਾ ਦਾ ਪਰਕਾਸ਼। ਆਓ ਹੁਣ ਉਸ ਤਰਤੀਵ ਦੇ ਅਧਾਰ ’ਤੇ, ਜਿਸ ਬਾਰੇ ਹੁਣ ਤੱਕ ਕਈ ਵਾਰ ਚਰਚਾ ਕੀਤੀ ਜਾ ਚੁੱਕੀ ਹੈ, ਆਇਤਾਂ 25 ਅਤੇ 26 ਨੂੰ ਵੇਖੀਏ:

ਕੁਝ ਸਮੇਂ ਲਈ ਯਹੂਦੀਆਂ ਦਾ ਕਠੋਰ ਕੀਤਾ ਜਾਣਾ (ਪਰਮੇਸ਼ਰ ਵੱਲੋਂ ਯਹੂਦੀਆਂ ਨੂੰ ਠੁਕਰਾਇਆ ਜਾਣਾ)

ਗੈਰਯਹੂਦੀਆਂ ਦੀ ਭਰਪੂਰੀ (ਪਰਮੇਸ਼ਰ ਵੱਲੋਂ ਗੈਰਯਹੂਦੀਆਂ ਨੂੰ ਸਵੀਕਾਰ ਕੀਤਾ ਜਾਣਾ)
ਸਾਰੇ ਇਸਰਾਏਲ ਦਾ ਬਚਾਇਆ ਜਾਣਾ (ਪਰਮੇਸ਼ਰ ਵੱਲੋਂ ਯਹੂਦੀਆਂ ਨੂੰ ਸਵੀਕਾਰ ਕੀਤਾ ਜਾਣਾ)

ਕੁਝ ਲੋਕ ਰੋਮੀਆਂ 11:26 ਬਾਰੇ ਸ਼ਾਇਦ ਇਹ ਇਤਰਾਜ਼ ਕਰਨ ਕਿ ਇਸ ਵਿਆਖਿਆ ਦੇ ਅਨੁਸਾਰ *ਮੁਸਟੇਰਿਓਨ* ਅਜਿਹੀ ਗੱਲ ਵੱਲ ਇਸ਼ਾਰਾ ਕਰੇਗਾ ਜਿਸ ਨੂੰ ਪੌਲੁਸ ਪਹਿਲਾਂ ਹੀ ਪਰਗਟ ਕਰ ਚੁੱਕਾ ਹੈ, ਕੋਈ ਨਵਾਂ ਸੱਚ ਨਹੀਂ। ਜੇਕਰ ਕੋਈ ਨਵੇਂ ਨੇਮ ਦੇ ਉਨ੍ਹਾਂ ਹਵਾਲਾ ਦੀ ਜਾਂਚ ਕਰੇ ਜਿੱਥੇ *ਮੁਸਟੇਰਿਓਨ* ਦੀ ਵਰਤੋਂ ਕੀਤੀ ਗਈ ਹੈ, ਤਾਂ ਉਸ ਨੂੰ ਪਤਾ ਲੱਗੇਗਾ ਕਿ ਪੌਲੁਸ ਨੇ ਅਕਸਰ ਇਸ ਸ਼ਬਦ ਦੀ ਵਰਤੋਂ ਮਸੀਹ ਬਾਰੇ ਗੱਲ ਕਰਨ ਲਈ ਕੀਤੀ, ਜੋ ਨਿਸ਼ਚਿਤ ਤੌਰ ’ਤੇ ਉਸ ਦੇ ਪਾਠਕਾਂ ਲਈ ਕੋਈ ਨਵਾਂ ਵਿਸ਼ਾ ਨਹੀਂ ਸੀ।

ਹੋਰ ਲੋਕ ਇਹ ਇਤਰਾਜ਼ ਕਰ ਸਕਦੇ ਹਨ ਕਿ ਰੋਮੀਆਂ 11:25, 26 ਦੀ ਅਜਿਹੀ ਵਿਆਖਿਆ ਓਨੀ ਵਚਿੱਤਰ ਨਹੀਂ ਹੈ ਕਿ *ਮੁਸਟੇਰਿਓਨ* ਸ਼ਬਦ ਉੱਤੇ ਐਨਾ ਜ਼ੋਰ ਦਿੱਤਾ ਜਾਵੇ। ਪੌਲੁਸ ਨੇ *ਮੁਸਟੇਰਿਓਨ* ਦੀ ਵਰਤੋਂ ਵੱਖ-ਵੱਖ ਵਿਸ਼ਿਆਂ ਦੇ ਲਈ ਵੀ ਕੀਤੀ ਹੈ ਜਿਨ੍ਹਾਂ ਨੂੰ ਕਈ ਲੋਕ ਬਿਲਕੁਲ ਵੀ ਵਚਿੱਤਰ ਨਹੀਂ ਮੰਨਦੇ, ਜਿਵੇਂ ਕਿ ਮਸੀਹ ਅਤੇ ਕਲੀਸਿਯਾ ਵਿੱਚਕਾਰ ਸੰਬੰਧ (ਅਫ਼ਸੀਆਂ 5:32)। ਸੱਚਾਈ ਤਾਂ ਇਹ ਹੈ ਕਿ ਪੌਲੁਸ ਨੂੰ ਪਰਮੇਸ਼ਰ ਦੇ ਮਨ ਦਾ ਮਿਲਿਆ ਪਰਕਾਸ਼—ਅਰਥਾਤ ਪਰਮੇਸ਼ਰ ਵੱਲੋਂ ਯਹੂਦੀਆਂ ਨੂੰ ਠੁਕਰਾ ਕੇ ਗੈਰਯਹੂਦੀਆਂ ਨੂੰ ਸਵੀਕਾਰ ਕੀਤਾ ਜਾਣਾ ਅਤੇ ਫਿਰ ਮੁੜ ਯਹੂਦੀਆਂ ਨੂੰ ਸਵੀਕਾਰ ਕੀਤਾ ਜਾਣਾ—ਅਦਭੁਤ ਹੈ ਅਤੇ ਵਚਿੱਤਰ ਵੀ। ਹੈਂਡ੍ਰਿਕਸਨ ਨੇ ਲਿਖਿਆ, “ਕੀ ਇਹ ਅੱਤ ਅਦਭੁਤ ਸ਼ਬਦ ਨਹੀਂ ਹਨ? . . . ਗੈਰਯਹੂਦੀਆਂ ਅਤੇ ਇਸਰਾਏਲ ਦੇ ਬਚਾਏ ਜਾਣ ਵਿਚਲਾ ਆਪਸੀ ਸੰਬੰਧ ਰੱਬੀ ‘ਭੇਤ’ ਦਾ ਮੁੱਖ ਵਿਸ਼ਾ ਹੈ।”[32]

*ਧਾਰਣਾ 3: “ਯਹੂਦੀ ਅਜੇ ਵੀ ‘ਪਰਮੇਸ਼ਰ ਦੇ ਚੁਣੇ ਹੋਏ ਲੋਕ ਹਨ।’”* ਮੌਜੂਦਾ ਸਮੇਂ ਵਿੱਚ ਇਸਰਾਏਲ ਰਾਸ਼ਟਰ ਦੇ ਨਾਲ ਪਰਮੇਸ਼ਰ ਦੇ ਸੰਬੰਧ ਨੂੰ ਲੈ ਕੇ ਗਲਤਫ਼ਹਿਮੀ ਦੇ ਕਾਰਨ ਸਮੱਸਿਆ ਹੋਰ ਵੀ ਡੂੰਘੀ ਹੋ ਜਾਂਦੀ ਹੈ। ਰੋਮੀਆਂ 11:28, 29 ਨੂੰ ਇੱਕ ਤਸਦੀਕ ਵਜੋਂ ਲੈ ਲਿਆ ਜਾਂਦਾ ਹੈ ਕਿ ਯਹੂਦੀ ਅਜੇ ਵੀ “ਪਰਮੇਸ਼ਰ ਦੇ ਚੁਣੇ ਹੋਏ ਲੋਕ” ਹਨ। ਅਸੀਂ ਇਸ ਗੱਲ ’ਤੇ ਜ਼ੋਰ ਦੇਵਾਂਗੇ ਕਿ ਯਹੂਦੀ ਹੁਣ ਪਰਮੇਸ਼ਰ ਕੋਲੋਂ ਕੋਈ ਵੀ ਵਿਸ਼ੇਸ਼ ਦਾਵਾ ਨਹੀਂ ਕਰ ਸਕਦੇ (ਵੇਖੋ *ਵਰਤੋਂ: ਪਰਮੇਸ਼ਰ ਅਤੇ ਇਸਰਾਏਲ*, ਪੰਨੇ 224-228)। ਇੱਕ ਰਾਸ਼ਟਰ ਵਜੋਂ ਉਹ ਹੁਣ ਪਰਮੇਸ਼ਰ ਦੇ “ਵਿਸ਼ੇਸ਼ ਲੋਕ” ਨਹੀਂ ਰਹੇ ਹਨ।

ਇਨ੍ਹਾਂ ਝੂਠੀਆਂ ਧਾਰਣਾਵਾਂ ਨੂੰ ਜਾਂਚਣ ਤੋਂ ਬਾਅਦ ਅਜਿਹੇ ਕੁਝ ਦ੍ਰਿਸ਼ਟੀਕੋਣ ਹਨ ਜਿਨ੍ਹਾਂ ਤੋਂ ਸਾਨੂੰ ਬਚਣ ਦੀ ਲੋੜ ਹੈ। ਰੋਮੀਆਂ 11:25, 26 ਉਨ੍ਹਾਂ ਬੰਦਾਂ ਵਿੱਚੋਂ ਇੱਕ ਹੈ ਜਿਸ ਬਾਰੇ ਕੋਈ ਵੀ ਵਿਅਕਤੀ ਪੂਰੇ ਵਿਸ਼ਵਾਸ ਨਾਲ ਇਹ ਆਖ ਸਕਦਾ ਹੈ ਕਿ ਇਹ ਆਇਤਾਂ ਕੀ *ਸਿਖਾਉਂਦੀਆਂ ਹਨ* ਅਤੇ ਕੀ *ਨਹੀਂ ਸਿਖਾਉਂਦੀਆਂ*।

*ਪ੍ਰੀਮਿਲੇਨਿਯਲ (ਹਜ਼ਾਰ ਸਾਲਾ ਰਾਜ) ਦ੍ਰਿਸ਼ਟੀਕੋਣ ਤੋਂ ਬਚਣਾ।* ਪਹਿਲੀ ਗੱਲ ਤਾਂ ਇਹ ਕਿ ਇਹ ਆਇਤਾਂ ਉਹ ਨਹੀਂ ਸਿਖਾਉਂਦੀਆਂ ਜੋ ਪ੍ਰੀਮਿਲੇਨਿਯਲ ਧਾਰਣਾ ਵਾਲੇ ਲੋਕ ਦਾਵਾ ਕਰਦੇ ਹਨ ਕਿ ਇਹ ਸਿਖਾਉਂਦੀਆਂ ਹਨ। ਇੱਕ ਪ੍ਰੀਮਿਲੇਨਿਯਲ ਧਾਰਣਾ ਇਸ ਤਰ੍ਹਾਂ ਆਖਦੀ ਹੈ: ਜਦੋਂ ਯਿਸੂ ਧਰਤੀ ’ਤੇ ਆਇਆ ਤਾਂ ਉਸ ਦਾ ਮਕਸਦ ਇਹ ਸੀ ਕਿ ਉਹ ਯਰੂਸ਼ਲਮ ਵਿੱਚ ਆਪਣਾ ਭੌਤਿਕ

ਰਾਜ ਸਥਾਪਿਤ ਕਰੇ—ਪਰ ਇਹ ਇਸ ਗੱਲ ’ਤੇ ਨਿਰਭਰ ਕਰਦਾ ਸੀ ਕਿ ਯਹੂਦੀ ਲੋਕ ਉਸ ਨੂੰ ਆਪਣਾ ਰਾਜਾ ਸਵੀਕਾਰ ਕਰਨਗੇ ਜਾਂ ਨਹੀਂ। ਇਹ ਨਬੂਵਤ ਕੀਤੀ ਗਈ ਸੀ ਕਿ ਯਹੂਦੀ ਲੋਕ ਯਿਸੂ ਨੂੰ ਸਵੀਕਾਰ ਕਰ ਲੈਣਗੇ, ਪਰ ਉਨ੍ਹਾਂ ਨੇ ਯਿਸੂ ਨੂੰ ਆਪਣਾ ਰਾਜਾ ਸਵੀਕਾਰ ਕਰਨ ਤੋਂ ਇਨਕਾਰ ਕਰਕੇ ਪਰਮੇਸ਼ਰ ਦੀ ਯੋਜਨਾ ਨੂੰ ਵਿਗਾੜ ਦਿੱਤਾ। ਕਲੀਸੀਆ ਨੂੰ ਤਦ ਤੱਕ ਥੋੜੇ ਚਿਰ ਦੇ ਲਈ ਸਥਾਪਿਤ ਕੀਤਾ ਗਿਆ ਹੈ, ਜਦ ਤੱਕ ਯਹੂਦੀ ਯਿਸੂ ਨੂੰ ਕਬੂਲ ਨਾ ਕਰ ਲੈਣ। ਇੱਥੇ ਸਾਡੀਆਂ ਆਇਤਾਂ ਆਉਂਦੀਆਂ ਹਨ। ਹਜ਼ਾਰ ਸਾਲਾ ਰਾਜ ਦੀ ਧਾਰਣਾ ਵਾਲੇ ਲੋਕ ਆਖਦੇ ਹਨ ਕਿ ਯਹੂਦੀ ਇੱਕ ਦਿਨ ਯਿਸੂ ਨੂੰ ਕਬੂਲ ਕਰ *ਲੈਣਗੇ*। (ਹਜ਼ਾਰ ਸਾਲਾ ਰਾਜ ਦੀ ਸਿੱਖਿਆ ਦੇਣ ਵਾਲੇ ਕੁਝ ਲੋਕ ਤਾਂ ਇੱਥੇ ਤੱਕ ਮੰਨਦੇ ਹਨ ਕਿ ਸਾਰੇ ਦੇ ਸਾਰੇ ਯਹੂਦੀ ਜੀ ਉੱਠਣਗੇ ਅਤੇ ਫਿਰ ਯਿਸੂ ਦੇ ਵਿਸ਼ਵਾਸੀ ਬਣਨਗੇ। ਕੁਝ ਲੋਕ ਤਾਂ ਉਹ ਵੀ ਸਿਖਾਉਂਦੇ ਹਨ ਕਿ ਇਹ ਨਵੇਂ ਯਹੂਦੀ ਵਿਸ਼ਵਾਸੀ ਖੁਸ਼ਖਬਰੀ ਦੇ ਪਰਚਾਰਕਾਂ ਦੀ ਇੱਕ ਸ਼ਕਤੀਸ਼ਾਲੀ ਫੌਜ ਵਜੋਂ ਖੜ੍ਹੇ ਹੋਣਗੇ।) ਉਹ ਮੰਨਦੇ ਹਨ ਕਿ ਇਹ ਯਹੂਦੀ ਬੇਦਾਰੀ ਹੀ ਮਸੀਹ ਦੀ ਵਾਪਸੀ ਨੂੰ ਲੈ ਕੇ ਆਵੇਗੀ, ਜਿਸ ਵੇਲੇ ਉਹ ਆਪਣਾ ਭੌਤਿਕ ਰਾਜ ਸਥਾਪਿਤ ਕਰੇਗਾ।

ਇਸ ਕਹਾਣੀ ਵਿੱਚ ਬਹੁਤ ਸਾਰੀਆਂ ਕਮਜ਼ੋਰ ਕੜੀਆਂ ਹਨ।[33] ਯਿਸੂ ਕੋਈ ਦੁਨਿਆਵੀ ਰਾਜ ਦੀ ਸਥਾਪਨਾ ਕਰਨ ਨਹੀਂ ਆਇਆ ਸੀ (ਯੂਹੰਨਾ 18:36)। ਯਹੂਦੀ ਲੋਕ ਯਿਸੂ ਨੂੰ ਆਪਣਾ ਦੁਨਿਆਵੀ ਰਾਜਾ ਕਬੂਲ ਕਰਨ ਲਈ *ਤਿਆਰ ਸਨ* (ਯੂਹੰਨਾ 6:15), ਪਰ ਉਹ ਉਸ ਨੂੰ ਆਪਣਾ *ਆਤਮਕ* ਰਾਜਾ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ (9:32, 33 ਦੀਆਂ ਟਿੱਪਣੀਆਂ ਵੇਖੋ)। ਕਲੀਸੀਆ ਕੋਈ ਬਾਅਦ ਵਿੱਚ ਆਇਆ ਵਿਚਾਰ ਜਾਂ ਥੋੜੇ ਚਿਰ ਦਾ ਸਮਾਧਾਨ *ਨਹੀਂ* ਸੀ (ਅਫ਼ਸੀਆਂ 3:10, 11); ਸਗੋਂ ਕਲੀਸੀਆ ਹੀ ਉਹ ਰਾਜ ਹੈ ਜਿਸ ਦੀ ਸਥਾਪਨਾ ਕਰਨ ਲਈ ਯਿਸੂ ਆਇਆ ਸੀ। (ਮੱਤੀ 16:18, 19 ਵਿੱਚ “ਕਲੀਸੀਆ” ਅਤੇ “ਰਾਜ” ਸ਼ਬਦਾਂ ਨੂੰ ਬਾਰ-ਬਾਰ ਇੱਕ ਦੂਜੇ ਦੀ ਥਾਂ ਇਸਤੇਮਾਲ ਕੀਤਾ ਗਿਆ ਹੈ।) ਇੱਕ ਦਿਨ ਸਾਰੇ (ਜਾਂ ਜ਼ਿਆਦਾਤਰ) ਯਹੂਦੀਆਂ ਦੇ ਯਿਸੂ ਨੂੰ ਕਬੂਲ ਕਰ ਲਏ ਜਾਣ ਬਾਰੇ ਇੱਕ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ: ਜੇਕਰ (ਪ੍ਰੀਮਿਲੇਨਿਯਲ ਸਿੱਖਿਆ ਦੇ ਅਧਾਰ ’ਤੇ) ਯਹੂਦੀਆਂ ਨੇ ਇੱਕ ਵਾਰੀ ਯਿਸੂ ਨੂੰ ਠੁਕਰਾ ਕੇ ਪਰਮੇਸ਼ਰ ਦੀ ਯੋਜਨਾ ਨੂੰ ਵਿਗਾੜ ਦਿੱਤਾ ਤਾਂ ਅਸੀਂ ਇਸ ਗੱਲ ਨੂੰ ਦਾਵੇ ਨਾਲ ਕਿਵੇਂ ਆਖ ਸਕਦੇ ਹਾਂ ਕਿ ਭਵਿੱਖ ਵਿੱਚ ਉਹ ਦੁਬਾਰਾ ਯਿਸੂ ਨੂੰ ਠੁਕਰਾ ਕੇ ਪਰਮੇਸ਼ਰ ਦੀ ਯੋਜਨਾ ਨੂੰ ਨਹੀਂ ਵਿਗਾੜਣਗੇ?

ਹਜ਼ਾਰ ਸਾਲਾ ਰਾਜ ਦੀ ਸਿੱਖਿਆ ਦੇਣ ਵਾਲੇ ਲੋਕਾਂ ਦੁਆਰਾ ਰੋਮੀਆਂ 11:25, 26 ਦੀ ਵਰਤੋਂ ਕੀਤੇ ਜਾਣ ਦੀਆਂ ਹੋਰ ਕਮਜ਼ੋਰੀਆਂ ਨੂੰ ਵੀ ਬਿਆਨ ਕੀਤਾ ਜਾ ਸਕਦਾ ਹੈ। ਜਿਵੇਂ ਕਿ, ਜੇਕਰ (ਜਿਵੇਂ ਕੁਝ ਲੋਕ ਸਿਖਾਉਂਦੇ ਹਨ) ਵੱਡੀ ਗਿਣਤੀ ਵਿੱਚ ਯਹੂਦੀਆਂ ਦੇ ਯਿਸੂ ਨੂੰ ਕਬੂਲ ਕਰਨ ਮਗਰੋਂ ਉਨ੍ਹਾਂ ਪਰਚਾਰਕਾਂ ਦੀ ਇੱਕ ਸ਼ਕਤੀਸ਼ਾਲੀ ਫੌਜ ਤਿਆਰ ਹੋਵੇਗੀ, ਤਾਂ ਉਹ ਪਰਚਾਰ ਕਿਨ੍ਹਾਂ ਦੇ ਵਿੱਚ ਕਰਨਗੇ ਕਿਉਂਕਿ ਗੈਰਯਹੂਦੀ ਤਾਂ ਆਪਣੀ “ਭਰਪੂਰੀ” ਤੱਕ ਪੁੱਜ ਚੁੱਕੇ ਹੋਣਗੇ (ਬਚਾਏ ਜਾਣ ਵਾਲੇ ਸਾਰੇ ਗੈਰਯਹੂਦੀਆਂ ਦੀ ਗਿਣਤੀ ਪੂਰੀ ਹੋ ਚੁੱਕੀ ਹੋਵੇਗੀ)? ਇਹ ਤਾਂ ਸਪੱਸ਼ਟ ਹੀ ਹੈ ਕਿ ਇਹ ਆਇਤਾਂ ਉਹ *ਨਹੀਂ* ਸਿਖਾਉਂਦੀਆਂ ਜੋ ਇਹ ਲੋਕ ਦਾਵਾ ਕਰਦੇ ਹਨ ਕਿ ਇਹ ਸਿਖਾਉਂਦੀਆਂ ਹਨ। ਇਸੇ ਬਾਰੇ ਅਸੀਂ ਅੱਗੇ ਚਰਚਾ ਕਰਾਂਗੇ।

*ਮਸ਼ਹੂਰ ਦ੍ਰਿਸ਼ਟੀਕੋਣ ਤੋਂ ਬਚਣਾ।* ਜਿਵੇਂ ਕਿ ਪਹਿਲਾਂ ਵੀ ਵੇਖਿਆ ਗਿਆ ਹੈ, ਕਈ ਲਿਖਾਰੀ

ਜਿਹੜੇ ਹਜ਼ਾਰ ਸਾਲਾ ਰਾਜ ਦੀ ਸਿੱਖਿਆ ਨਾਲ ਸਹਿਮਤ ਨਹੀਂ ਹਨ, ਮੰਨਦੇ ਹਨ ਕਿ ਇਹ ਆਇਤਾਂ ਸਿਖਾਉਂਦੀਆਂ ਹਨ ਕਿ ਵੱਡੀ ਗਿਣਤੀ ਵਿੱਚ ਯਹੂਦੀ ਪ੍ਰਭੂ ਯਿਸੂ ਨੂੰ ਕਬੂਲ ਕਰਨਗੇ। ਉਹ ਉਮੀਦ ਕਰਦੇ ਹਨ ਕਿ ਅਜਿਹਾ ਭਵਿੱਖ ਵਿੱਚ ਕਿਸੇ ਵੇਲੇ ਹੋਵੇਗਾ (ਸੰਭਵ ਹੈ ਕਿ ਪ੍ਰਭੂ ਯਿਸੂ ਦੀ ਵਾਪਸੀ ਤੋਂ ਕੁਝ ਚਿਰ ਪਹਿਲਾਂ) ਜਦੋਂ ਗੈਰਯਹੂਦੀ ਇੱਕ ਮਿੱਥੀ ਹੋਈ ਗਿਣਤੀ ਵਿੱਚ ਮਸੀਹੀ ਬਣ ਚੁੱਕੇ ਹੋਣਗੇ। ਕਿਉਂ ਜੋ ਕਿਸੇ ਵੀ ਹਾਲਾਤ ਵਿੱਚ ਇਹ ਕਲਪਨਾ ਕਰਨਾ ਔਖਾ ਹੈ ਕਿ *ਹਰੇਕ* ਯਹੂਦੀ ਵਿਅਕਤੀ ਪ੍ਰਭੂ ਯਿਸੂ ਨੂੰ ਕਬੂਲ ਕਰ ਲਵੇਗਾ, ਇਸ ਕਰਕੇ ਇਹ ਲਿਖਾਰੀ “ਸਾਰਾ ਇਸਰਾਏਲ” ਸਬਦਾਂ ਦੀ ਕਿਸੇ ਨਾ ਕਿਸੇ ਰੂਪ ਵਿੱਚ ਵਿਆਖਿਆ ਕਰ ਹੀ ਦਿੰਦੇ ਹਨ। ਉਹ “ਇੱਕ ਮਹੱਤਵਪੂਰਣ ਸੰਖਿਆ,” “ਯਹੂਦੀਆਂ ਦੀ ਵੱਡੀ ਆਬਾਦੀ,” ਜਾਂ “ਸਾਰੇ ਇਸਰਾਏਲ” ਦੀ ਗੱਲ ਕਰਦੇ ਹਨ।

ਇਹ ਪੂਰੀ ਤਰ੍ਹਾਂ ਅਸਪੱਸ਼ਟ ਹੈ ਕਿ ਇਹ ਅਦਭੁਤ ਘਟਨਾ *ਕਿਵੇਂ* ਵਾਪਰੇਗੀ। ਜ਼ਿਆਦਾਤਰ ਲੋਕ ਇਸ ਗੱਲ ਨਾਲ ਸਹਿਮਤ ਹੁੰਦੇ ਹਨ ਕਿ ਇਹ *ਵਿਸ਼ਵਾਸ* ਦੇ ਅਧਾਰ ’ਤੇ ਹੀ ਹੋਵੇਗਾ (3:30), ਪਰ ਥੋੜੇ ਹੀ ਲੋਕ ਇਹ ਅੰਦਾਜ਼ਾ ਲਗਾਉਣ ਦਾ ਜਤਨ ਕਰਦੇ ਹਨ ਕਿ ਹਜ਼ਾਰਾਂ ਵਰ੍ਹਿਆਂ ਦੇ ਅਵਿਸ਼ਵਾਸ ਤੋਂ ਬਾਅਦ ਅਜਿਹਾ ਕੀ ਹੋ ਸਕਦਾ ਹੋ ਜੋ ਇਨ੍ਹਾਂ ਸਭਨਾਂ ਯਹੂਦੀਆਂ ਨੂੰ ਯਿਸੂ ’ਤੇ ਵਿਸ਼ਵਾਸ ਕਰਨ ਲਈ ਪ੍ਰੇਰਿਤ ਕਰੇਗਾ। ਇੱਕ ਟਿੱਪਣੀਕਾਰ ਨੇ ਸੁਝਾਅ ਦਿੱਤਾ ਕਿ ਹਜ਼ਾਰਾਂ ਵਰ੍ਹਿਆਂ ਤੱਕ ਮਸੀਹ ਦੀ ਉਡੀਕ ਕਰਕੇ ਥੱਕ-ਹਾਰ ਚੁੱਕੇ ਯਹੂਦੀ ਯਿਸੂ ਬਾਰੇ ਦੁਬਾਰਾ ਵਿਚਾਰ ਕਰਨ ਲਈ ਤਿਆਰ ਹੋ ਜਾਣਗੇ। ਪਰ ਜ਼ਿਆਦਾਤਰ ਲਿਖਾਰੀ ਆਖਦੇ ਹਨ ਕਿ ਇਹ “ਕਿਵੇਂ” ਹੀ ਅਸਲੀ “ਭੇਤ” ਹੈ।

“ਭਰਪੂਰੀ” ਸ਼ਬਦ, ਜਿਸ ਦਾ ਅਰਥ “ਪੂਰੀ ਗਿਣਤੀ” ਮੰਨਿਆ ਜਾਂਦਾ ਹੈ, ਦੇ ਸੰਬੰਧ ਵਿੱਚ ਅਸੀਂ ਇਹ ਮੰਨਣ ਨੂੰ ਤਿਆਰ ਹਾਂ ਕਿ ਜੇਕਰ ਸਰਬਗਿਆਨੀ ਪਰਮੇਸ਼ਰ ਚਾਹੇ ਤਾਂ ਉਹ ਉਨ੍ਹਾਂ ਗੈਰਯਹੂਦੀਆਂ ਦੀ ਸਟੀਕ ਗਿਣਤੀ ਨੂੰ ਜਾਣ ਸਕਦਾ ਹੈ ਜੋ ਬਚਾਏ ਜਾਣਗੇ। ਇਸ ਤੋਂ ਇਲਾਵਾ, ਯਿਸੂ ਦੇ ਜ਼ਿਆਦਾਤਰ ਪੈਰੋਕਾਰਾਂ ਦੀ ਤਰ੍ਹਾਂ ਅਸੀਂ ਵੀ ਖੁਸ਼ੀ ਦੇ ਮਾਰੇ ਝੂਮ ਉੱਠਾਂਗੇ ਜੇਕਰ ਵੱਡੀ ਗਿਣਤੀ ਵਿੱਚ ਯਹੂਦੀ ਲੋਕ ਮਸੀਹੀ ਬਣ ਜਾਂਦੇ ਹਨ। ਪਰ ਫਿਰ ਵੀ ਸਾਡੀ ਮਾਨਤਾ ਹੈ ਕਿ ਰੋਮੀਆਂ 11:25, 26 ਵਿੱਚ ਇਨ੍ਹਾਂ ਦੋਹਾਂ ਵਿੱਚੋਂ ਕੋਈ ਵੀ ਸਿੱਖਿਆ ਨਹੀਂ ਦਿੱਤੀ ਗਈ ਹੈ। ਅਸੀਂ ਇਹ ਸਿੱਟਾ ਵੱਖ-ਵੱਖ ਕਾਰਨਾਂ ਕਰਕੇ ਕੱਢਿਆ ਹੈ।

1. ਇੱਕ ਵਾਰ ਇਸਤੇਮਾਲ ਕੀਤੇ ਗਏ ਕਿਸੇ ਅਸਪੱਸ਼ਟ ਵਾਕ ਦੇ ਰਾਹੀਂ ਸੱਚਾਈ ਨੂੰ ਸਥਾਪਿਤ ਨਹੀਂ ਕੀਤਾ ਜਾਂਦਾ। ਮਸ਼ਹੂਰੀ ਵਿਆਖਿਆ ਦੇ ਅਨੁਸਾਰ ਪੌਲੁਸ ਨੇ ਆਇਤ 25 ਅਤੇ 26 ਵਿੱਚ ਅਜਿਹੀ ਸੱਚਾਈ ਨੂੰ ਪਰਗਟ ਕੀਤਾ ਹੈ ਜਿਸ ਬਾਰੇ ਪਵਿੱਤਰ ਸ਼ਾਸਤਰ ਵਿੱਚ ਨਾ ਤਾਂ ਉਸ ਤੋਂ ਪਹਿਲਾਂ ਕਿਤੇ ਗੱਲ ਹੋਈ ਹੈ ਅਤੇ ਨਾ ਹੀ ਬਾਅਦ ਵਿੱਚ। ਪਵਿੱਤਰ ਸ਼ਾਸਤਰ ਸੱਚਾਈ ਨੂੰ ਇਸ ਤਰ੍ਹਾਂ ਸਥਾਪਿਤ *ਨਹੀਂ* ਕਰਦਾ। ਮੁੱਢਲੇ ਬਾਈਬਲ ਸਿਧਾਂਤ ਵਚਨ ਦੇ ਵੱਖ-ਵੱਖ ਹਿੱਸਿਆਂ ਵਿੱਚ ਪ੍ਰੇਰਨਾ ਰਾਹੀਂ ਦੁਹਰਾਏ ਜਾ ਕੇ ਸਥਾਪਿਤ ਕੀਤੇ ਗਏ ਹਨ।

ਕਿਸੇ ਅਸਪੱਸ਼ਟ ਹਿੱਸੇ ਤੋਂ ਕਿਸੇ ਆਇਤ ਨੂੰ ਵੱਖਰਾ ਕਰਕੇ ਉਸ ਨੂੰ ਆਪਣੇ ਮਨੋਂ ਹੀ ਕੋਈ ਅਰਥ ਦੇ ਦੇਣ ਨਾਲ ਹੀ ਕਈ ਗਲਤ ਸਿੱਖਿਆਵਾਂ ਦਾ ਅਰੰਭ ਹੋਇਆ ਹੈ। ਉਦਾਹਰਣ ਵਜੋਂ, ਹਜ਼ਾਰ ਸਾਲਾ ਰਾਜ ਦੀ ਸਿੱਖਿਆ ਵਾਲੇ ਲੋਕਾਂ ਨੇ ਬਹੁਤ ਜ਼ਿਆਦਾ ਚਿੰਨ੍ਹਾਂ ਦੇ ਰੂਪ ਵਿੱਚ ਗੱਲ ਕਰਨ ਵਾਲੀ ਪੁਸਤਕ ਦੇ ਇੱਕ ਹਿੱਸੇ ਵਿਚੋਂ “ਇੱਕ ਹਜ਼ਾਰ ਵਰ੍ਹੇ” ਸ਼ਬਦਾਂ ਨੂੰ ਲੈ ਲਿਆ (ਪਰਕਾਸ਼ ਦੀ ਪੋਥੀ 20:1-

5) ਅਤੇ ਇਸ ਰੂਪਕ ਭਰੀ ਭਾਸ਼ਾ ਦੇ ਆਲੇ-ਦੁਆਲੇ ਇੱਕ ਪੂਰੀ ਦੀ ਪੂਰੀ ਸਿੱਖਿਆ ਤਿਆਰ ਕਰ ਦਿੱਤੀ। ਉਸੇ ਤਰ੍ਹਾਂ ਇੱਕ ਸਮੂਹ ਨੇ ਇੱਕ ਰਹੱਸਮਈ ਵਾਕ "ਮੁਰਦਿਆਂ ਦੇ ਲਈ ਬਪਤਿਸਮਾ ਲੈਂਦੇ ਹਨ" (1 ਕੁਰਿੰਥੀਆਂ 15:29) ਨੂੰ ਲੈ ਕੇ ਇੱਕ ਅਜਿਹੇ ਹੈਰਾਨੀਜਨਕ ਪੇਚੀਦਾ ਸਿਸਟਮ ਨੂੰ ਤਿਆਰ ਕਰ ਲਿਆ ਜਿਸ ਦੇ ਰਾਹੀਂ ਮੁਰਦਿਆਂ ਬਾਰੇ ਜਾਣਕਾਰੀ ਇੱਕਠੀ ਕਰਕੇ ਉਨ੍ਹਾਂ ਦੀ ਥਾਂ ਜਿਉਂਦਿਆਂ ਨੂੰ ਬਪਤਿਮਸਾ ਦਿੱਤਾ ਜਾਂਦਾ ਹੈ। ਅਸੀਂ ਫਿਰ ਇਹੋ ਆਖਾਂਗੇ ਕਿ ਸੱਚਾਈ ਇਸ ਤਰ੍ਹਾਂ ਸਥਾਪਿਤ ਨਹੀਂ ਕੀਤੀ ਜਾਂਦੀ।

2. ਸੰਦਰਭ ਅਜਿਹੇ ਕਿਸੇ ਵੀ ਵਿਚਾਰ ਨੂੰ ਪਰਗਟ ਨਹੀਂ ਕਰਦਾ। ਪਿਛਲੀਆਂ ਆਇਤਾਂ ਵਿੱਚ ਅਜਿਹਾ ਕੋਈ ਸੰਕੇਤ ਨਹੀਂ ਦਿੱਤਾ ਗਿਆ ਹੈ ਕਿ ਇੱਕ ਦਿਨ ਪਰਮੇਸ਼ਰ ਸਭਨਾਂ ਯਹੂਦੀਆਂ ਨੂੰ ਬਚਾ ਲਵੇਗਾ। ਹੈਂਡ੍ਰਿਕਸਨ ਨੇ ਸਮਝਾਇਆ:

> ਪਾਠਕ ਨੂੰ ਇਸਰਾਏਲੀਆਂ ਦੇ ਵੱਡੀ ਗਿਣਤੀ ਵਿੱਚ ਮਸੀਹ ਬਣਨ ਦੇ ਵਿਚਾਰ ਬਾਰੇ ਤਿਆਰ ਨਹੀਂ ਕੀਤਾ ਗਿਆ ਹੈ। ਹੁਣ ਤੱਕ ਪੌਲੁਸ ਇਸ ਦੇ ਉਲਟ ਵਿਚਾਰ 'ਤੇ ਹੀ ਜ਼ੋਰ ਦਿੰਦਾ ਆਇਆ ਹੈ ਕਿ ਕਿਸੇ ਵੀ ਯੁੱਗ (ਬੀਤੇ, ਮੌਜੂਦਾ, ਭਾਵੀ) ਵਿੱਚ ਇੱਕ *ਬਕੀਆ* ਹੀ ਬਚਾਇਆ ਜਾਂਦਾ ਹੈ। ਜੇਕਰ ਰੋਮੀਆਂ 11:26 ਯਹੂਦੀਆਂ ਦੇ ਵੱਡੀ ਗਿਣਤੀ ਵਿੱਚ ਮਸੀਹੀ ਬਣਨ ਬਾਰੇ ਆਖਦਾ ਹੈ, ਤਾਂ ਕੀ ਅਜਿਹਾ ਨਹੀਂ ਜਾਪਦਾ ਕਿ ਪੌਲੁਸ ਇਹ ਆਖ ਰਿਹਾ ਹੈ, "ਜੋ ਮੈਂ ਤੁਹਾਨੂੰ ਪਹਿਲਾਂ ਸਿਖਾਇਆ ਹੈ ਉਸ ਨੂੰ ਭੁੱਲ ਜਾਓ"?[34]

ਜੇਕਰ ਅਸੀਂ ਪਿਛਾਂਹ ਨਜ਼ਰ ਮਾਰੀਏ ਤਾਂ ਪੌਲੁਸ ਨੇ ਯਹੂਦੀਆਂ ਦੇ ਬਾਰੇ ਰੋਮੀਆਂ 9—11 ਵਿੱਚ ਕੀ ਆਖਿਆ ਸੀ? ਰਸੂਲ ਪੌਲੁਸ ਨੂੰ "ਵੱਡਾ ਸੋਗ ਸੀ ਅਤੇ ਉਸ ਦਾ ਮਨ ਸਦਾ ਦੁਖੀ ਰਹਿੰਦਾ ਸੀ" ਕਿਉਂਕਿ ਉਸ ਦੇ ਭਰਾ, ਜਿਹੜੇ ਸਰੀਰ ਦੇ ਕਾਰਨ ਉਸ ਦੇ ਅੰਗ ਸਾਕ ਸਨ, ਗੁਆਚੇ ਹੋਏ ਸਨ (9:1-3; 10:1)। ਉਹ "ਓਹਨਾਂ ਵਿੱਚੋਂ ਕਈਆ ਨੂੰ" ਬਚਾਉਣਾ ਚਾਹੁੰਦਾ ਸੀ (11:14)। ਉਸ ਨੇ ਜ਼ੋਰ ਦਿੱਤਾ ਕਿ ਜੇਕਰ ਉਹ ਆਪਣੀ ਬੇਪਰਤੀਤੀ ਵਿੱਚ ਬਣੇ ਨਾ ਰਹਿਣ ਤਾਂ ਉਹ ਪਰਮੇਸ਼ਰ ਦੀ ਯੋਜਨਾ ਅਤੇ ਉਦੇਸ਼ ਵਿੱਚ ਮੁੜ ਸ਼ਾਮਲ ਕਰ ਲਏ ਜਾਣਗੇ; ਉਹ "ਪੇਉਂਦ ਚਾੜ੍ਹੇ ਜਾਣਗੇ" (11:23)। ਕਿਸੇ ਵੀ ਥਾਂ 'ਤੇ ਉਸ ਨੇ ਇਹ ਜ਼ਰਾ ਵੀ ਇਸ਼ਾਰਾ ਨਹੀਂ ਕੀਤਾ ਕਿ ਸਾਰੇ ਯਹੂਦੀ ਆਪਣੀ ਬੇਪਰਤੀਤੀ ਨੂੰ ਲਾਹ ਸੁੱਟਣਗੇ।

3. ਇਹ ਸਿੱਖਿਆ "ਯਹੂਦੀ ਸਮੱਸਿਆ" ਲਈ ਕੋਈ ਸਮਾਧਾਨ ਨਹੀਂ ਦਿੰਦੀ। ਰੋਮੀਆਂ 11:25, 26 ਬਾਰੇ ਮਸ਼ਹੂਰ ਦ੍ਰਿਸ਼ਟੀਕੋਣ ਉਸ ਦਾ ਕੋਈ ਸਮਾਧਾਨ ਨਹੀਂ ਦਿੰਦਾ ਹੈ ਜਿਸ ਨੂੰ ਅਸੀਂ "ਯਹੂਦੀ ਸਮੱਸਿਆ" ਆਖਦੇ ਆ ਰਹੇ ਹਾਂ—ਕੀ ਪਰਮੇਸ਼ਰ ਇਸਰਾਏਲ ਰਾਸ਼ਟਰ ਨੂੰ ਦਿੱਤੀ ਆਪਣੀ ਪ੍ਰਤਿੱਗਿਆ ਤੋਂ ਮੁੱਕਰ ਗਿਆ ਹੈ। ਆਮਤੌਰ 'ਤੇ ਸਵੀਕਾਰ ਕੀਤੇ ਜਾਣ ਵਾਲੇ ਇਸ ਦ੍ਰਿਸ਼ਟੀਕੋਣ ਦੀ ਸਿੱਖਿਆ ਦੇਣ ਵਾਲੇ ਲੋਕ ਜ਼ੋਰ ਦਿੰਦੇ ਹਨ ਕਿ ਉਨ੍ਹਾਂ ਦੀ ਵਿਆਖਿਆ ਇਹ ਪ੍ਰਮਾਣਿਤ ਕਰਦੀ ਹੈ ਕਿ ਪਰਮੇਸ਼ਰ ਵਿਸ਼ਵਾਸਯੋਗ ਹੈ ਕਿਉਂਕਿ ਉਹ ਮਸੀਹ ਦੀ ਵਾਪਸੀ ਤੋਂ ਠੀਕ ਪਹਿਲਾਂ ਵਾਲੀ ਯਹੂਦੀ ਪੀੜ੍ਹੀ ਦੇ ਸਾਰੇ (ਜਾਂ "ਇੱਕ ਖਾਸ ਸੰਖਿਆ" ਦੇ) ਯਹੂਦੀਆਂ ਨੂੰ ਬਚਾ ਲਵੇਗਾ। ਪਰ ਉਨ੍ਹਾਂ ਅਣਗਿਣਤ ਯਹੂਦੀਆਂ ਦਾ ਕੀ ਹੋਵੇਗਾ ਜਿਹੜੇ ਮਰ ਚੁੱਕੇ ਹਨ ਅਤੇ ਜਿਹੜੇ ਆਖਰੀ ਪੀੜ੍ਹੀ ਤੋਂ ਠੀਕ ਪਹਿਲਾਂ ਵੀ ਆਪਣੀ ਬੇਪਰਤੀਤੀ ਵਿੱਚ ਮਰਨਗੇ? ਇਹ ਆਖਿਆ ਗਿਆ ਹੈ ਕਿ "'ਸਾਰਾ ਇਸਰਾਏਲ' ਉਨ੍ਹਾਂ ਬਹੁਤ ਸਾਰੇ ਯਹੂਦੀਆਂ ਲਈ ਇਸਤੇਮਾਲ ਕੀਤਾ ਗਿਆ ਹੈ ਜਿਹੜੇ ਕਈ-ਕਈ ਪੀੜ੍ਹੀਆਂ ਤੱਕ

ਮਸੀਹ ਤੋਂ ਬਿਨਾ ਮਰ ਚੁੱਕੇ ਯਹੂਦੀਆਂ ਤੋਂ ਬਾਅਦ ਆਖਰੀ ਪੀੜ੍ਹੀ ਵਿੱਚੋਂ ਹੋਣਗੇ।"[35] "ਯਹੂਦੀ ਸਮੱਸਿਆ" ਬਾਰੇ ਜਿਮ ਮੈਂਗੀਗਨ ਨੇ ਲਿਖਿਆ,

> [ਪੌਲੁਸ] ਇੱਥੇ ਇਹ ਨਹੀਂ ਆਖਣਾ ਚਾਹ ਰਿਹਾ: "ਤੁਹਾਡੀ ਸਮੱਸਿਆ ਦਾ ਉੱਤਰ ਹੁਣ ਤੋਂ ਕੁਝ ਹਜ਼ਾਰ ਵਰ੍ਹੇ ਬਾਅਦ ਦਿੱਤਾ ਜਾਵੇਗਾ ਜਦੋਂ ਪਰਮੇਸ਼ਰ ਯਹੂਦੀਆਂ ਦੀ ਇੱਕ ਪੀੜ੍ਹੀ ਵਿੱਚੋਂ ਬਹੁਤ ਸਾਰੇ ਯਹੂਦੀਆਂ ਨੂੰ ਵਿਸ਼ਵਾਸ ਤੱਕ ਅਤੇ ਉਸ ਦੇ ਨਤੀਜੇ ਵਜੋਂ ਮੁਕਤੀ ਤੱਕ ਲਿਆਵੇਗਾ।" ਇਹ ਤਾਂ ਦਰਅਸਲ ਕੋਈ ਉੱਤਰ ਹੈ ਹੀ ਨਹੀਂ . . . ਅਜਿਹਾ ਉੱਤਰ ਉਨ੍ਹਾਂ ਯਹੂਦੀਆਂ ਬਾਰੇ ਕੁਝ ਵੀ ਨਹੀਂ ਕਰ ਸਕਦਾ ਜਿਹੜੇ ਉਸ ਆਖਰੀ ਪੀੜ੍ਹੀ ਤੋਂ ਪਹਿਲਾਂ ਮਰ ਚੁੱਕੇ ਹਨ।[36]

ਰੋਮੀਆਂ 9—11 ਵਿੱਚ ਦੱਸੀ ਗਈ "ਯਹੂਦੀ ਸਮੱਸਿਆ" ਸਿੱਧੇ ਤੌਰ 'ਤੇ ਪੌਲੁਸ ਦੇ ਦਿਨਾਂ ਦੀ ਪੀੜ੍ਹੀ ਦੇ ਯਹੂਦੀਆਂ ਦੇ ਨਾਲ ਸੰਬੰਧਤ ਹੈ। ਮੁੱਖ ਸਵਾਲ ਇਹ ਸੀ ਕਿ ਕੀ ਪਰਮੇਸ਼ਰ *ਉਨ੍ਹਾਂ* ਯਹੂਦੀਆਂ ਦੇ ਨਾਲ ਸਹੀ ਕਰ ਰਿਹਾ ਸੀ। ਉਨ੍ਹਾਂ ਤੋਂ ਹਜ਼ਾਰਾਂ ਵਰ੍ਹਿਆਂ ਬਾਅਦ ਦੀ ਪੀੜ੍ਹੀ ਵਿੱਚ ਪਰਮੇਸ਼ਰ ਕੀ ਕਰੇਗਾ ਜਾਂ ਨਹੀਂ ਕਰੇਗਾ, ਇਸ ਦਾ ਉਨ੍ਹਾਂ ਦੇ ਨਾਲ ਕੋਈ ਸੰਬੰਧ ਨਹੀਂ ਸੀ।

੪. ਸਾਰੇ ਯਹੂਦੀ ਜਗਤ ਦਾ ਮਸੀਹੀ ਬਣਨਾ ਬਾਕੀ ਥਾਂਵਾਂ 'ਤੇ ਦਿੱਤੀ ਗਈ ਬਾਈਬਲ ਦੀ ਸਿੱਖਿਆ ਦੇ ਉਲਟ ਹੈ। ਬਾਈਬਲ ਦੀ ਵਿਆਖਿਆ ਕਰਨ ਦਾ ਇੱਕ ਮੁੱਢਲਾ ਨਿਅਮ ਇਹ ਹੈ ਕਿ ਕੋਈ ਵੀ ਵਿਅਕਤੀ ਕਿਸੇ ਅਸਪੱਸ਼ਟ ਹਿੱਸੇ ਨੂੰ ਲੈ ਕੇ ਉਸ ਦੀ ਅਜਿਹੀ ਵਿਆਖਿਆ ਨਹੀਂ ਕਰ ਸਕਦਾ ਜੋ ਪਵਿੱਤਰ ਸ਼ਾਸਤਰ ਦੇ ਬਾਕੀ ਸਪੱਸ਼ਟ ਹਿੱਸਿਆਂ ਦੇ ਵਿਪਰੀਤ ਹੋਵੇ। ਜਿਵੇਂ ਕਿ ਪਹਿਲਾਂ ਵੀ ਆਖਿਆ ਗਿਆ ਹੈ ਕਿ ਇਹ ਵਿਚਾਰ, ਭਈ ਇੱਕ ਦਿਨ ਪਰਮੇਸ਼ਰ ਸਾਰੇ (ਜਾਂ ਜ਼ਿਆਦਾਤਰ) ਯਹੂਦੀਆਂ ਨੂੰ ਬਚਾ ਲਵੇਗਾ, ਪੌਲੁਸ ਦੀ ਉਸ ਸਪੱਸ਼ਟ ਸਿੱਖਿਆ ਦੇ ਉਲਟ ਹੈ ਕਿ ਪਰਮੇਸ਼ਰ ਯਹੂਦੀਆਂ ਦੇ ਕੇਵਲ ਇੱਕ ਬਕੀਏ ਨੂੰ ਬਚਾਵੇਗਾ (9:27; 11:5)।

ਇਸ ਤੋਂ ਇਲਾਵਾ, ਆਓ ਇਸ ਗੱਲ ਉੱਤੇ ਗੌਰ ਕਰੀਏ: ਜੇਕਰ ਯਹੂਦੀਆਂ ਦੀ "ਭਰਪੂਰੀ" (*ਪਲੇਰੋਮਾ*) (11:12) ਦਾ ਅਰਥ ਹੈ ਕਿ ਯਿਸੂ ਦੀ ਵਾਪਸੀ ਤੋਂ ਠੀਕ ਪਹਿਲਾਂ ਜ਼ਿਆਦਾਤਰ ਯਹੂਦੀ ਬਚਾਏ ਜਾਣਗੇ, ਤਾਂ ਇਹ ਮੰਨ ਲੈਣਾ ਵੀ ਸਹੀ ਜਾਪਦਾ ਹੈ ਕਿ "ਗੈਰਯਹੂਦੀਆਂ ਦੀ ਭਰਪੂਰੀ [*ਪਲੇਰੋਮਾ*]" (11:25) ਦਾ ਅਰਥ ਇਹ ਹੋਇਆ ਕਿ ਜ਼ਿਆਦਾਤਰ ਯਹੂਦੀਆਂ ਦੇ ਬਚਾਏ ਜਾਣ ਤੋਂ ਠੀਕ ਪਹਿਲਾਂ ਜ਼ਿਆਦਾਤਰ ਗੈਰਯਹੂਦੀ ਬਚਾਏ ਜਾਣਗੇ। ਅਜਿਹਾ ਸਿੱਟਾ ਲੂਕਾ 18:8 ਵਿੱਚ ਪੁੱਛੇ ਗਏ ਯਿਸੂ ਦੇ ਪ੍ਰਸ਼ਨ ਦੇ ਮਹੱਤਵ ਨੂੰ ਘਟਾ ਦਿੰਦਾ ਹੈ: "ਜਦ ਮਨੁੱਖ ਦਾ ਪੁੱਤ੍ਰ ਆਵੇਗਾ ਤਦ ਕੀ ਉਹ ਧਰਤੀ ਉੱਤੇ ਨਿਹਚਾ ਪਾਵੇਗਾ?"

ਇਹ ਸੱਚ ਹੈ ਕਿ ਅਸੀਂ ਸਾਰੇ ਹੀ ਇਸ ਉਮੀਦ ਨੂੰ ਲੈ ਕੇ ਬਹੁਤ ਖੁਸ਼ ਹੋਵਾਂਗੇ ਕਿ ਧਰਤੀ ਦੀ ਜ਼ਿਆਦਾਤਰ ਅਬਾਦੀ (ਯਹੂਦੀ ਅਤੇ/ਜਾਂ ਗੈਰਯਹੂਦੀ) ਬਚਾਈ ਜਾਵੇ—ਪਰ ਯਿਸੂ ਨੇ ਆਖਿਆ ਕਿ ਅਜਿਹਾ *ਨਹੀਂ* ਹੋਵੇਗਾ। ਉਸ ਨੇ ਆਖਿਆ, "ਕਿਉਂ ਜੋ ਸੱਦੇ ਹੋਏ ਤਾਂ ਬਹੁਤ ਹਨ ਪਰ ਚੁਣੇ ਹੋਏ ***ਥੋੜੇ***" (ਮੱਤੀ 22:14; ਜ਼ੋਰ ਦਿੱਤਾ ਗਿਆ ਹੈ)। ਪਹਾੜੀ ਉਪਦੇਸ਼ ਵਿੱਚ ਉਸ ਨੇ ਦੋ ਰਾਹਾਂ ਬਾਰੇ ਸਿਖਾਇਆ ਅਤੇ ਇਹ ਸੰਕੇਤ ਦਿੱਤਾ ਕਿ ਜੀਵਨ ਦੇ ਰਾਹ ਉੱਤੇ ਥੋੜੇ ਲੋਕ ਹੀ ਤੁਰਣਗੇ:

> ਭੀੜੇ ਫਾਟਕ ਤੋਂ ਵੜੋ ਕਿਉਂ ਜੋ ਮੋਕਲਾ ਹੈ ਉਹ ਫਾਟਕ ਅਤੇ ਖੁੱਲ੍ਹਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ ਅਰ ਬਹੁਤੇ ਹਨ ਜਿਹੜੇ ਉਸ ਤੋਂ ਜਾਂਦੇ ਹਨ ਅਤੇ ਭੀੜਾ ਹੈ ਉਹ

ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ *ਵਿਰਲੇ* ਹਨ (ਮੱਤੀ 7:13, 14; ਜ਼ੋਰ ਦਿੱਤਾ ਗਿਆ ਹੈ)।

ਮਸ਼ਹੂਰ ਦ੍ਰਿਸ਼ਟੀਕੋਣ ਨੂੰ ਰੱਦੇ ਜਾਣ ਦੇ ਹੋਰ ਕਾਰਨ ਨੂੰ ਵੀ ਇੱਥੇ ਦੱਸਿਆ ਜਾ ਸਕਦਾ ਹੈ। ਉਦਾਹਰਣ ਵਜੋਂ, ਰੋਮੀਆਂ 11:25, 26 ਬਾਰੇ ਅਜਿਹੇ ਨਜ਼ਰੀਏ ਨੂੰ *ਕੌਮੀ* ਮੁਕਤੀ ਦੀ ਸਿੱਖਿਆ ਵਜੋਂ ਵੇਖਿਆ ਜਾ ਸਕਦਾ ਹੈ। ਮੁਕਤੀ ਦੇ ਸੰਬੰਧ ਵਿੱਚ ਪਰਮੇਸ਼ੁਰ ਨੇ ਕੌਮੀ ਜਾਂ ਇੱਕ ਸਮੂਹ ਦੇ ਅਧਾਰ ਦੇ ਕਦੇ ਵੀ ਕੰਮ ਨਹੀਂ ਕੀਤਾ, ਸਗੋਂ *ਵਿਅਕਤੀਗਤ* ਤੌਰ ’ਤੇ ਕੰਮ ਕੀਤਾ ਹੈ। ਇਸ ਕਰਕੇ ਸਾਨੂੰ ਇਸ ਵਿਚਾਰ ਨੂੰ ਰੱਦ ਦੇਣਾ ਚਾਹੀਦਾ ਹੈ ਕਿ ਰੋਮੀਆਂ 11:25, 26 ਸਿਖਾਉਂਦਾ ਹੈ ਕਿ ਮਸੀਹ ਦੀ ਦੂਜੀ ਆਮਦ ਤੋਂ ਠੀਕ ਪਹਿਲਾਂ “ਸਾਰਾ ਇਸਰਾਏਲ” ਬਚਾਇਆ ਜਾਵੇਗਾ।

*ਇੱਕ ਵਿਗੜੇ ਹੋਏ ਦ੍ਰਿਸ਼ਟੀਕੋਣ ਤੋਂ ਬਚਣਾ।* ਜ਼ਿਆਦਾਤਰ ਲਿਖਾਰੀਆਂ ਨੇ ਮਸ਼ਹੂਰ ਦ੍ਰਿਸ਼ਟੀਕੋਣ ਵਿੱਚ ਇੱਕ ਸੁਭਾਵਕ ਸਮੱਸਿਆ ਵੇਖੀ ਹੈ: ਯਹੂਦੀਆਂ ਦਾ ਵੱਡੀ ਗਿਣਤੀ ਵਿੱਚ ਮਸੀਹੀ ਬਣਨਾ *ਹੋਵੇਗਾ ਕਿਵੇਂ*? ਜਿਵੇਂ ਕਿ ਪਹਿਲਾਂ ਵੀ ਵੇਖਿਆ ਗਿਆ ਹੈ ਕਿ ਕਈ ਲੋਕ “ਕਿਵੇਂ” ਨੂੰ “ਭੇਤ” ਆਖ ਕੇ ਚੁੱਪ ਹੋ ਜਾਂਦੇ ਹਨ। ਪਰ ਹਾਲ ਹੀ ਦੇ ਵਰ੍ਹਿਆਂ ਵਿੱਚ ਕੁਝ ਡਿਨੋਮਿਨੇਸ਼ਨਲ ਲਿਖਾਰੀਆਂ ਨੇ ਇਸ ਸਮੱਸਿਆ ਦਾ “ਸਮਾਧਾਨ” ਕਰਨ ਦਾ ਇਹ ਆਖਦਿਆਂ ਜਤਨ ਕੀਤਾ ਹੈ ਕਿ ਮੌਜੂਦਾ ਯਹੂਦੀ ਯਿਸੂ ’ਤੇ ਵਿਸ਼ਵਾਸ ਕੀਤੇ ਬਿਨਾ ਕੇਵਲ ਸ਼ਰਾ ਦੀ ਪਾਲਣਾ ਕਰਕੇ ਬਚਾਏ ਜਾ ਸਕਦੇ ਹਨ। ਉਹ ਆਖਦੇ ਹਨ ਕਿ “ਗੈਰਯਹੂਦੀਆਂ ਦੀ ਮੁਕਤੀ ਦਾ ਰਾਹ ਵੱਖਰਾ ਹੈ” ਅਤੇ “ਯਹੂਦੀਆਂ ਦੀ ਮੁਕਤੀ ਦਾ ਰਾਹ ਵੱਖਰਾ ਹੈ।” ਉਹ ਆਖਦੇ ਹਨ ਕਿ ਗੈਰਯਹੂਦੀਆਂ ਦੇ ਲਈ “ਮਸੀਹ ਦਾ ਨੇਮ” ਹੈ ਅਤੇ ਯਹੂਦੀਆਂ ਦੇ ਲਈ “ਸ਼ਰਾ ਦਾ ਨੇਮ” ਹੈ। “*ਇਸ* ਤਰ੍ਹਾਂ” ਉਹ ਜ਼ੋਰ ਪਾਉਂਦੇ ਹਨ ਕਿ “ਸਾਰਾ ਇਸਰਾਏਲ ਬਚਾਇਆ ਜਾਵੇਗਾ।”

ਇਹ ਭਿਆਣਕ ਦ੍ਰਿਸ਼ਟੀਕੋਣ ਦਰਅਸਲ ਪੌਲੁਸ ਦੇ ਸੁਨੇਹੇ ਦਾ ਇੱਕ ਵਿਗਾੜਿਆ ਗਿਆ ਰੂਪ ਹੈ। ਰਸੂਲ ਪੌਲੁਸ ਨੇ ਰੋਮੀਆਂ ਦੀ ਪੱਤਰੀ ਵਿੱਚ ਸਪੱਸ਼ਟ ਕੀਤਾ ਹੈ ਕਿ ਦੋਹੇਂ, ਯਹੂਦੀ ਅਤੇ ਗੈਰਯਹੂਦੀ ਇੱਕੋ ਤਰ੍ਹਾਂ ਨਾਲ *ਗੁਆਚੇ* ਹੋਏ ਹਨ ਅਤੇ ਇੱਕੋ ਤਰ੍ਹਾਂ ਨਾਲ ਹੀ *ਬਚਾਏ* ਜਾਂਦੇ ਹਨ। ਪਰਮੇਸ਼ੁਰ ਨੇ ਸਾਨੂੰ ਮੁਕਤੀ ਦੇ ਦੋ ਰਾਹ ਨਹੀਂ ਪਰ ਇੱਕੋ ਰਾਹ ਦਿੱਤਾ ਹੈ। ਯਿਸੂ ਨੇ ਆਖਿਆ, “ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ” (ਯੂਹੰਨਾ 14:6)। 11:25, 26 ਦੇ ਪਹਿਲੇ ਸੰਦਰਭ ਵਿੱਚ, ਅਸੀਂ “ਜ਼ੈਤੂਨ ਦੇ *ਦੋ* ਰੁੱਖਾਂ” ਨੂੰ ਨਹੀਂ ਵੇਖਦੇ ਜਿਨ੍ਹਾਂ ਨੂੰ ਪਰਮੇਸ਼ੁਰ ਅਸੀਸ ਦੇਵੇਗਾ (ਇੱਕ ਯਹੂਦੀਆਂ ਲਈ ਅਤੇ ਇੱਕ ਗੈਰਯਹੂਦੀਆਂ ਲਈ); ਰੁੱਖ ਕੇਵਲ *ਇੱਕੋ* ਹੈ।

ਅਸੀਂ ਇਹ ਚਰਚਾ ਕਰ ਚੁੱਕੇ ਹਾਂ ਕਿ ਇਹ ਆਇਤਾਂ ਕੀ ਨਹੀਂ ਆਖਦੀਆਂ। ਹੁਣ ਇਹ ਵੇਖਣ ਦਾ ਸਮਾਂ ਹੈ ਕਿ ਇਹ ਕੀ ਆਖਦੀਆਂ ਹਨ।

ਸਾਡੀ ਵਿਆਖਿਆ ’ਤੇ ਜਿਹੜਾ ਪ੍ਰਸ਼ਨ ਪ੍ਰਭਾਵ ਪਾਵੇਗਾ ਉਹ ਇਹ ਹੈ: “ਆਇਤ 26 ਵਿੱਚ ‘ਇਸਰਾਏਲ’ ਕਿਸ ਦਾ ਪ੍ਰਤੀਕ ਹੈ?” ਬੀਤੇ ਸਮੇਂ ਵਿੱਚ ਸਭ ਤੋਂ ਵਧ ਮਸ਼ਹੂਰ ਵਿਆਖਿਆ ਇਹ ਸੀ ਕਿ ਆਇਤ 26 ਵਿੱਚ ‘ਇਸਰਾਏਲ’ ਦਾ ਅਰਥ ਹੈ ਆਤਮਕ ਇਸਰਾਏਲ—ਕਹਿਣ ਦਾ ਭਾਵ ਹੈ ਕਿ ਕਲੀਸੀਆ। ਇਹ ਸੰਭਵ ਹੈ। ਇੱਕ ਹੋਰ ਥਾਂ ’ਤੇ ਵੀ ਪੌਲੁਸ ਨੇ ਕਲੀਸੀਆ ਨੂੰ “ਇਸਰਾਏਲ” ਆਖਿਆ ਹੈ (ਗਲਾਤੀਆਂ 6:16) ਅਤੇ ਇਹ ਦ੍ਰਿਸ਼ਟੀਕੋਣ ਬਾਈਬਲ ਦੇ ਹੋਰਨਾਂ ਹਿੱਸਿਆਂ ਵਿੱਚ

ਦਿੱਤੀ ਗਈ ਸਿੱਖਿਆ ਦੇ ਵਿਰੁੱਧ ਨਹੀਂ ਹੈ। ਪਰ ਫਿਰ ਵੀ ਇਸ ਦ੍ਰਿਸ਼ਟੀਕੋਣ ਵਿੱਚ ਇੱਕ ਮੁੱਢਲੀ ਸਮੱਸਿਆ ਹੈ। ਜਿਨ੍ਹਾਂ ਆਇਤਾਂ ਦਾ ਅਧਿਐਨ ਅਸੀਂ ਕਰ ਰਹੇ ਹਾਂ ਉਨ੍ਹਾਂ ਵਿੱਚ ਪੌਲੁਸ ਨੇ ਬਾਰ-ਬਾਰ ਇਸਰਾਏਲ ਦਾ ਜ਼ਿਕਰ ਕੀਤਾ ਹੈ ਅਤੇ ਹਰ ਵਾਰੀ ਉਸ ਦੇ ਮਨ ਵਿੱਚ ਭੌਤਿਕ ਇਸਰਾਏਲ ਰਾਸ਼ਟਰ ਹੀ ਸੀ। ਇਸ ਤੋਂ ਇਲਾਵਾ ਇਹ ਤਾਂ ਸਪੱਸ਼ਟ ਹੀ ਹੈ ਕਿ ਆਇਤ 25 ਵਿੱਚ ਰਸੂਲ ਪੌਲੁਸ ਭੌਤਿਕ ਇਸਰਾਏਲ ਦੀ ਹੀ ਗੱਲ ਕਰ ਰਿਹਾ ਹੈ—ਅਤੇ ਆਇਤ 26 ਉਸ ਵਾਕ ਦਾ ਹੀ ਅਗਲਾ ਹਿੱਸਾ ਹੈ ਜਿਹੜਾ ਆਇਤ 25 ਵਿੱਚ ਸ਼ੁਰੂ ਹੋਇਆ ਸੀ। ਆਇਤ 26 ਵਿਚਲੇ "ਇਸਰਾਏਲ" ਦੀ ਭੌਤਿਕ ਇਸਰਾਏਲ ਵਜੋਂ ਵਿਆਖਿਆ ਕਰਨਾ ਸੁਭਾਵਕ ਹੈ।

ਅਜੇ ਵੀ ਇੱਕ ਪ੍ਰਸ਼ਨ ਬਾਕੀ ਇਹ ਹੈ ਕਿ ਪੌਲੁਸ ਦੇ ਮਨ ਵਿੱਚ ਸਾਰਾ ਦਾ ਸਾਰਾ ਦੁਨਿਆਵੀ ਇਸਰਾਏਲ ਸੀ ਜਾਂ "ਇਸਰਾਏਲ ਵਿਚਲਾ ਇਸਰਾਏਲ" (9:6 ਦੀਆਂ ਟਿੱਪਣੀਆਂ ਵੇਖੋ)। ਦਰਅਸਲ ਆਇਤ 26 ਵਿੱਚ ਪੌਲੁਸ ਦੇ ਮਨ ਵਿੱਚ ਸਾਰਾ ਦਾ ਸਾਰਾ ਭੌਤਿਕ ਇਸਰਾਏਲ ਸੀ। ਨਾਲੇ ਅਜਿਹਾ ਆਖਣਾ ਵੀ ਥੋੜਾ ਅਜੀਬ ਜਾਪਦਾ ਹੈ, "ਇਸੇ ਤਰ੍ਹਾਂ ਸਾਰੇ ਬਚਾਏ ਹੋਏ ਲੋਕ ਬਚਾਏ ਜਾਣਗੇ।"

*ਸੰਭਵ ਦ੍ਰਿਸ਼ਟੀਕੋਣ ਤੇ ਵਿਚਾਰ ਕਰਨਾ।* ਰੋਮੀਆਂ 11:26 ਵਿੱਚ "ਇਸਰਾਏਲ" ਦੀ ਪਛਾਣ ਦੇ ਤਿੰਨ ਸੰਭਵ ਦ੍ਰਿਸ਼ਟੀਕੋਣ ਹੋ ਸਕਦੇ ਹਨ: (1) ਆਤਮਕ ਇਸਰਾਏਲ (ਕਲੀਸੀਆ), (2) ਦੁਨਿਆਵੀ ਇਸਰਾਏਲ ਅਤੇ (3) "ਇਸਰਾਏਲ ਵਿਚਲਾ ਇਸਰਾਏਲ" ("ਸੱਚਾ ਇਸਰਾਏਲ," ਉਹ ਯਹੂਦੀ ਜਿਨ੍ਹਾਂ ਨੇ ਯਿਸੂ ਨੂੰ ਮਸੀਹ ਵਜੋਂ ਕਬੂਲ ਕੀਤਾ ਹੈ)। ਅਸੀਂ ਦੂਜੇ ਦ੍ਰਿਸ਼ਟੀਕੋਣ ਦੇ ਨਾਲ ਜਾਣਾ ਚਾਹਾਂਗੇ। ਪਰ, ਕਿਉਂ ਜੋ ਤਿੰਨੇ ਦੇ ਤਿੰਨੇ ਦ੍ਰਿਸ਼ਟੀਕੋਣ ਵਾਜਬ ਹਨ ਅਤੇ ਬਾਕੀ ਥਾਂਵਾਂ ਤੇ ਪ੍ਰੇਰਣਾ ਰਾਹੀਂ ਦਿੱਤੀ ਗਈ ਸਿੱਖਿਆ ਦੇ ਵਿਰੁੱਧ ਨਹੀਂ ਹਨ, ਇਸ ਕਰਕੇ ਅਸੀਂ ਸਿਧਾਂਤ ਵਜੋਂ ਇਹ ਨਹੀਂ ਆਖ ਸਕਦੇ ਕਿ ਪੌਲੁਸ ਦੇ ਮਨ ਵਿੱਚ ਕੀ ਸੀ। ਇਨ੍ਹਾਂ ਦ੍ਰਿਸ਼ਟੀਕੋਣਾਂ ਦੀ ਵਰਤੋਂ ਕਰਕੇ ਇੱਕੋ ਹੀ ਮੁੱਢਲੇ ਸਿੱਟੇ 'ਤੇ ਪੁੱਜਾ ਜਾ ਸਕਦਾ ਹੈ, ਪਰ ਹਾਂ, ਰਾਹ ਥੋੜਾ ਵੱਖਰਾ ਹੋਵੇਗਾ।

ਜੋ ਆਖਿਆ ਗਿਆ ਹੈ ਉਸ ਨੂੰ ਧਿਆਨ ਵਿੱਚ ਰੱਖਦਿਆਂ, ਆਓ, ਰੋਮੀਆਂ 11:25, 26 ਦੀ ਅਜਿਹੀ ਵਿਆਖਿਆ ਕਰਨ ਦਾ ਜਤਨ ਕਰੀਏ ਜਿਹੜੀ ਅਧਿਆਇ 11 ਵਿੱਚ ਪੌਲੁਸ ਦੇ ਸੰਪੂਰਨ ਉਦੇਸ਼ ਦੇ ਨਾਲ, ਇਨ੍ਹਾਂ ਆਇਤਾਂ ਦੇ ਸੰਦਰਭ ਦੇ ਨਾਲ ਅਤੇ ਸਧਾਰਨ ਬਾਈਬਲ ਸੰਦਰਭ ਦੇ ਨਾਲ ਸਹਿਮਤੀ ਵਿੱਚ ਹੋਵੇ। ਪੌਲੁਸ ਨੇ ਇਸ ਤਰ੍ਹਾਂ ਅਰੰਭ ਕੀਤਾ, "ਹੁਣ ਹੇ [ਗੈਰਯਹੂਦੀ] ਭਰਾਵੋ . . . ਮੈਂ ਚਾਹੁੰਦਾ ਹਾਂ ਜੋ ਤੁਸੀਂ ਇਸ ਭੇਤ ਤੋਂ ਅਣਜਾਣ ਨਾ ਰਹੋ" (11:25)। ਜਿਵੇਂ ਕਿ ਪਹਿਲਾਂ ਵੀ ਆਖਿਆ ਜਾ ਚੁੱਕਾ ਹੈ ਕਿ "ਭੇਤ" ਦਾ ਅਰਥ ਇਹ ਹੈ ਕਿ ਪੌਲੁਸ ਇਹ ਪਰਗਟ ਕਰ ਰਿਹਾ ਹੈ ਭਈ ਕਿਵੇਂ ਪਰਮੇਸ਼ਰ ਗੈਰਯਹੂਦੀਆਂ ਨੂੰ ਸਵੀਕਾਰ ਕਰਕੇ ਇਸਰਾਏਲ ਨੂੰ ਆਪਣੇ ਕੋਲ ਮੁੜ ਆਉਣ ਲਈ ਪ੍ਰੇਰਿਤ ਕਰ ਸਕਦਾ ਹੈ: "ਕਿਤੇ ਐਉਂ ਨਾ ਹੋਵੇ ਜੋ ਤੁਸੀਂ [ਗੈਰਯਹੂਦੀ] ਆਪਣੀ ਜਾਚ ਵਿੱਚ ਸਿਆਣੇ ਬਣ ਬੈਠੋ [ਘਮੰਡ ਨਾ ਕਰ ਬੈਠੋ (11:18) ਜਾਂ ਗਰਬ ਨਾ ਕਰ ਬੈਠੋ (11:20)]" (11:25)।

ਫਿਰ ਪੌਲੁਸ "ਭੇਤ" ਬਾਰੇ ਆਪਣੇ ਮੁੱਖ ਵਿਚਾਰ ਨੂੰ ਅਗਾਹਾਂ ਵਧਾਉਂਦਾ ਹੈ: "ਕੁਝ ਕਠੋਰਤਾ ਇਸਰਾਏਲ ਉੱਤੇ ਆਣ ਪਈ ਹੈ" (11:25)। "ਇਸਰਾਏਲ" ਦਾ ਅਰਥ ਹੈ ਦੁਨਿਆਵੀ ਇਸਰਾਏਲ (ਵੱਡਾ ਦਾਇਰਾ)। ਜਦੋਂ ਅਸੀਂ ਪੜ੍ਹਦੇ ਹਾਂ "ਕੁਝ ਕਠੋਰਤਾ," ਤਾਂ ਅਸੀਂ ਇਹ ਨਾ ਸੋਚੀਏ ਕਿ ਹਰੇਕ ਇਸਰਾਏਲੀ ਵਿਅਕਤੀ "ਕੁਝ ਕਠੋਰ" ਹੋ ਗਿਆ ਹੈ; ਸਗੋਂ, ਇਹ ਸੋਚੀਏ ਕਿ ਇਸਰਾਏਲ ਰਾਸ਼ਟਰ

ਦਾ *ਇੱਕ ਹਿੱਸਾ* ਕਠੋਰ ਹੋ ਗਿਆ ਹੈ। RSV ਲਿਖਦਾ ਹੈ "ਇਸਰਾਏਲ ਦੇ ਇੱਕ ਹਿੱਸੇ 'ਤੇ ਕਠੋਰਤਾ ਆਣ ਪਈ ਹੈ।" ਆਇਤ 7 ਵਿੱਚ ਪੌਲੁਸ ਨੇ ਆਖਿਆ ਸੀ, "ਜਿਸ ਗੱਲ ਨੂੰ ਇਸਰਾਏਲ [ਵੱਡਾ ਛੱਲਾ] ਭਾਲਦਾ ਹੈ [ਪਰਮੇਸ਼ਰ ਦੇ ਨਾਲ ਸਹੀ ਸੰਬੰਧ] ਸੋ ਉਹ ਨੂੰ ਨਾ ਲੱਭੀ ਪਰ ਚੁਣਿਆਂ ਹੋਇਆਂ [ਛੋਟੇ ਛੱਲੇ] ਨੂੰ ਲੱਭੀ ਹੈ ਅਤੇ ਬਾਕੀ ਦੇ [ਛੋਟੇ ਦਾਇਰੇ ਨੂੰ ਛੱਡ ਕੇ ਬਾਕੀ ਦਾ ਸਾਰਾ ਵੱਡਾ ਦਾਇਰਾ] ਬੁੱਧੂ ਕੀਤੇ ਗਏ।"

"ਕੁਝ ਕਠੋਰਤਾ" ਓਨਾਂ ਚਿਰ ਬਣੀ ਰਹਿਣੀ ਸੀ "ਜਿੰਨਾ ਚਿਰ ਪਰਾਈਆਂ ਕੌਮਾਂ ਦੀ ਭਰਪੂਰੀ ਨਾ ਹੋ ਲਵੇ" (11:25)। "ਭਰਪੂਰੀ" ਉਸੇ ਯੂਨਾਨੀ ਸ਼ਬਦ ਤੋਂ ਹੈ ਜਿਸ ਦਾ ਅਨੁਵਾਦ ਆਇਤ 12 ਵਿੱਚ ਵੀ "ਭਰਪੂਰੀ" ਵਜੋਂ ਕੀਤਾ ਗਿਆ ਹੈ (*ਪਲੇਰੋਮਾ*)।[37] ਹੈਰਾਨੀ ਇਸ ਗੱਲ ਦੀ ਹੈ ਕਿ ਕਈ ਲਿਖਾਰੀ, ਸ਼ਾਸਤਰੀ ਅਤੇ ਅਨੁਵਾਦਕ ਆਇਤ 25 ਵਿੱਚ *ਪਲੇਰੋਮਾ* ਨੂੰ ਆਇਤ 12 ਦੀ ਬਜਾਇ ਵੱਖਰਾ ਅਰਥ ਦਿੰਦੇ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਆਖਦੇ ਹਨ ਕਿ ਆਇਤ 25 ਵਿੱਚ *ਪਲੇਰੋਮਾ* ਦਾ ਅਰਥ "ਪੂਰੀ ਗਿਣਤੀ" ਹੈ।[38]

ਇਹ ਸੰਭਵ ਹੈ ਕਿ ਵੱਖ-ਵੱਖ ਥਾਂਵਾਂ 'ਤੇ ਇੱਕੋ ਯੂਨਾਨੀ ਸ਼ਬਦ ਦਾ ਅਰਥ ਵੱਖਰਾ-ਵੱਖਰਾ ਹੋ ਸਕਦਾ ਹੈ। ਪਰ ਜਦ ਤੱਕ ਕਿਸੇ ਸ਼ਬਦ ਦਾ ਵੱਖਰਾ ਅਨੁਵਾਦ ਕਰਨ ਦਾ ਕੋਈ ਮਜਬੂਤ ਕਾਰਨ ਨਾ ਹੋਵੇ, ਤਦ ਤੱਕ ਆਮ ਤਰੀਕਾ ਇਹ ਹੈ ਕਿ ਇੱਕ ਸੰਦਰਭ ਵਿੱਚ ਇੱਕ ਸ਼ਬਦ ਜਿੰਨੀ ਵਾਰ ਵੀ ਆਉਂਦਾ ਹੈ ਓਨੀ ਵਾਰ ਉਸ ਦਾ ਇੱਕੋ ਅਨੁਵਾਦ ਕੀਤਾ ਜਾਵੇ। ਸਾਨੂੰ ਅਜਿਹਾ ਕੋਈ ਮਜਬੂਤ ਕਾਰਨ ਨਹੀਂ ਦਿਖਦਾ ਕਿ *ਪਲੇਰੋਮਾ* ਦਾ ਅਨੁਵਾਦ ਆਇਤ 25 ਵਿੱਚ ਆਇਤ 12 ਨਾਲੋਂ ਵੱਖਰੇ ਤਰੀਕੇ ਨਾਲ ਕਿਉਂ ਕੀਤਾ ਗਿਆ ਹੈ। ਜਦੋਂ ਅਸੀਂ ਆਇਤ 12 ਦਾ ਅਧਿਐਨ ਕਰਦੇ ਹਾਂ, ਅਸੀਂ ਵੇਖਦੇ ਹਾਂ ਕਿ *ਪਲੇਰੋਮਾ* ("ਭਰਪੂਰੀ") ਦੀ ਤੁਲਨਾ "ਭੁੱਲ" ਅਤੇ "ਘਾਟੇ" ਨਾਲ ਕੀਤੀ ਗਈ ਹੈ। ਅਸੀਂ ਇਹ ਵੀ ਵੇਖਦੇ ਹਾਂ ਕਿ ਆਇਤ 12 ਅਤੇ ਆਇਤ 15 ਇੱਕ ਦੂਜੇ ਦੇ ਸਮਾਨਾਂਤਰ ਹਨ, ਜੋ ਭੁੱਲ ਅਤੇ ਘਾਟੇ ਦੇ ਨਤੀਜੇ ("ਪਰਮੇਸ਼ਰ ਵੱਲੋਂ ਠੁਕਰਾਇਆ ਜਾਣਾ") ਅਤੇ ਭਰਪੂਰੀ ਦੇ ਨਤੀਜੇ ("ਪਰਮੇਸ਼ਰ ਵੱਲੋਂ ਸਵੀਕਾਰ ਕੀਤਾ ਜਾਣਾ") ਦੱਸਦੀਆਂ ਹਨ।

ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਆਇਤ 12 ਵਿਚਲੀ "ਭਰਪੂਰੀ" ਦਾ ਅਰਥ ਹੈ ਯਹੂਦੀਆਂ ਵੱਲੋਂ ਪਰਮੇਸ਼ਰ ਦੇ ਉਦੇਸ਼ ਨੂੰ ਪੂਰਾ ਕੀਤਾ ਜਾਣਾ, ਜਿਸ ਦੇ ਨਤੀਜੇ ਵਜੋਂ ਉਹ ਪਰਮੇਸ਼ਰ ਵੱਲੋਂ ਸਵੀਕਾਰ ਕੀਤੇ ਜਾਣਗੇ। ਇਹੋ ਮੁੱਢਲਾ ਅਰਥ ਆਇਤ 25 ਲਈ ਵੀ ਢੁਕਵਾਂ ਹੈ: "ਇਸਰਾਏਲ ਦਾ ਇੱਕ ਹਿੱਸਾ [ਵੱਡਾ ਦਾਇਰਾ] ਤਦ ਤੱਕ ਕਠੋਰ ਕੀਤਾ ਗਿਆ ਹੈ ਜਦ ਤੱਕ ਉਨ੍ਹਾਂ ਦੀ ਕਠੋਰਤਾ ਦੇ ਨਤੀਜੇ ਵਜੋਂ ਗੈਰਯਹੂਦੀ ਪਰਮੇਸ਼ਰ ਦੇ ਉਦੇਸ਼ ਨੂੰ ਪੂਰਾ ਨਾ ਕਰ ਲੈਣ ਅਤੇ ਪਰਮੇਸ਼ਰ ਵੱਲੋਂ ਸਵੀਕਾਰ ਨਾ ਕਰ ਲਏ ਜਾਣ।" ਅਧਿਆਇ 11 ਵਿੱਚ ਪੌਲੁਸ ਦੇ ਤਰਕ ਨੂੰ ਧਿਆਨ ਵਿੱਚ ਰੱਖਦਿਆਂ ਆਇਤ 25 ਨੂੰ ਦੁਬਾਰਾ ਵੇਖੋ:

(ਪਰਮੇਸ਼ਰ ਦੁਆਰਾ) ਯਹੂਦੀਆਂ ਨੂੰ ਠੁਕਰਾਇਆ ਜਾਣਾ ("ਕਠੋਰਤਾ")
(ਪਰਮੇਸ਼ਰ ਦੁਆਰਾ) ਗੈਰਯਹੂਦੀਆਂ ਨੂੰ ਸਵੀਕਾਰ ਕੀਤਾ ਜਾਣਾ ("ਭਰਪੂਰੀ")

ਜੇਕਰ ਪੌਲੁਸ ਮੁਕਤੀ ਦੇ ਸੰਦਰਭ ਵਿੱਚ ਯਹੂਦੀਆਂ ਅਤੇ ਗੈਰਯਹੂਦੀਆਂ ਦੇ ਆਪਸੀ ਸੰਬੰਧ ਉੱਤੇ ਦੁਬਾਰਾ ਜ਼ੋਰ ਦੇ ਰਿਹਾ ਸੀ, ਤਾਂ ਉਸ ਦਾ ਅਗਲਾ ਕਦਮ ਕੀ ਹੋਣਾ ਚਾਹੀਦਾ ਸੀ? ਉਸ ਨੂੰ

ਕਿਸੇ ਨਾ ਕਿਸੇ ਤਰੀਕੇ ਇਸ ਗੱਲ ’ਤੇ ਜ਼ੋਰ ਪਾਉਣਾ ਚਾਹੀਦਾ ਸੀ ਕਿ ਗੈਰਯਹੂਦੀਆਂ ਦੀ “ਭਰਪੂਰੀ” ਦਾ ਮਕਸਦ ਯਹੂਦੀਆਂ ਦੀ ਅਣਖ ਨੂੰ ਉਕਸਾਉਣਾ ਸੀ ਤਾਂ ਜੋ ਉਹ ਮਸੀਹ ਬਾਰੇ ਆਪਣੀਆਂ ਪੂਰਵ-ਧਾਰਨਾਵਾਂ ਨੂੰ ਛੱਡ ਦੇਣ, ਯਿਸੂ ਨੂੰ ਕਬੂਲ ਕਰ ਲੈਣ ਅਤੇ ਬਚਾਏ ਜਾਣ। ਕੀ ਪੌਲੁਸ ਨੇ ਅਜਿਹਾ ਕੀਤਾ? ਆਓ ਅਸੀਂ ਇਨ੍ਹਾਂ ਆਇਤਾਂ ਵਿੱਚ ਅਗਾਹਾਂ ਵਧੀਏ।

ਆਇਤ 26 ਇਸ ਤਰ੍ਹਾਂ ਅਰੰਭ ਹੁੰਦੀ ਹੈ, “ਅਤੇ ਇਸੇ ਤਰ੍ਹਾਂ . . . ।” ਜਿਸ ਸ਼ਬਦ ਦਾ ਅਨੁਵਾਦ “ਅਤੇ ਇਸੇ ਤਰ੍ਹਾਂ” ਕੀਤਾ ਗਿਆ ਹੈ ਉਹ οὕτως (*ਹੂਟੌਸ*) ਹੈ। ਅੰਗਰੇਜ਼ੀ ਦੇ ਸ਼ਬਦ “so,” ਦੀ ਤਰ੍ਹਾਂ ਹੀ *ਹੂਟੌਸ* ਤਰੀਕੇ ਦਾ ਕਿਰਿਆ ਵਿਸ਼ੇਸ਼ਣ ਹੈ, ਜਿਸ ਦਾ ਅਰਥ ਹੈ “ਇਸ ਤਰੀਕੇ ਨਾਲ”[39] ਜਾਂ “ਇਸ ਤਰ੍ਹਾਂ।”[40] “ਅਤੇ ਇਸੇ ਤਰ੍ਹਾਂ”—ਇਸ ਤਰੀਕੇ ਨਾਲ (ਪਰਮੇਸ਼ਰ ਦੁਆਰਾ ਗੈਰਯਹੂਦੀਆਂ ਨੂੰ ਸਵੀਕਾਰ ਕਰ ਲਏ ਜਾਣ ਦੁਆਰਾ)—”ਸਾਰਾ ਇਸਰਾਏਲ [ਅਣਖੀ ਹੋਵੇਗਾ ਅਤੇ ਮਸੀਹ ਨੂੰ ਕਬੂਲ ਕਰੇਗਾ ਅਤੇ ਇਸ ਤਰ੍ਹਾਂ] ਬਚ ਜਾਵੇਗਾ।”

(ਪਰਮੇਸ਼ਰ ਦੁਆਰਾ) ਯਹੂਦੀਆਂ ਨੂੰ ਠੁਕਰਾਇਆ ਜਾਣਾ (“ਕਠੋਰਤਾ”)
(ਪਰਮੇਸ਼ਰ ਦੁਆਰਾ) ਗੈਰਯਹੂਦੀਆਂ ਨੂੰ ਸਵੀਕਾਰ ਕੀਤਾ ਜਾਣਾ (“ਭਰਪੂਰੀ”)
(ਪਰਮੇਸ਼ਰ ਦੁਆਰਾ) ਯਹੂਦੀਆਂ ਨੂੰ ਸਵੀਕਾਰ ਕੀਤਾ ਜਾਣਾ (“ਸਾਰਾ ਇਸਰਾਏਲ ਬਚ ਜਾਵੇਗਾ”)

ਕੁਝ ਲੋਕ ਸ਼ਾਇਦ ਇਤਰਾਜ਼ ਕਰਨ, “ਪਰ ਤੁਸੀਂ ‘ਸਾਰਾ’ ਸ਼ਬਦ ਬਾਰੇ ਤਾਂ ਕੁਝ ਵੀ ਨਹੀਂ ਆਖਿਆ। ਕੀ ‘ਸਾਰਾ’ ਸ਼ਬਦ ਇਸ਼ ਗੱਲ ਵੱਲ ਇਸ਼ਾਰਾ ਨਹੀਂ ਕਰਦਾ ਕਿ ਆਖਿਰਕਾਰ ਸਾਰੇ (ਜਾਂ ਘੱਟੋ-ਘੱਟ ਜ਼ਿਆਦਾਤਰ) ਯਹੂਦੀ ਯਿਸੂ ਨੂੰ ਕਬੂਲ ਕਰ ਲੈਣਗੇ?” ਜ਼ਰੂਰੀ ਨਹੀਂ ਹੈ। ਜੇਕਰ ਮੈਂ ਅਜਿਹਾ ਆਖਾਂ ਤਾਂ ਕਿਹੋ ਜਿਹਾ ਲੱਗੇਗਾ, “ਪਰਮੇਸ਼ਰ ਨੇ ਸਭਨਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਵਿਸ਼ਵਾਸ ਕਰਨ, ਤੋਬਾ ਕਰਨ, ਇਕਰਾਰ ਕਰਨ ਅਤੇ ਬਪਤਿਸਮਾ ਲੈਣ; ਸਭਨਾਂ ਲੋਕਾਂ ਦੇ ਬਚਾਏ ਜਾਣ ਦਾ ਤਰੀਕਾ ਇਹੋ ਹੈ”? ਕੀ ਤੁਸੀਂ ਇਸ ਤੋਂ ਇਹ ਸਿੱਟਾ ਕੱਢੋਗੇ ਕਿ “ਸਾਰੇ ਲੋਕ ਬਚਾਏ ਜਾਣਗੇ”? ਨਹੀਂ, ਤੁਸੀਂ ਮੇਰੀ ਗੱਲ ਦਾ ਇਹੋ ਅਰਥ ਸਮਝੋਗੇ ਕਿ ਕਿਸੇ ਵੀ ਵਿਅਕਤੀ ਦੇ ਬਚਾਏ *ਜਾਣ* ਦਾ ਤਰੀਕਾ ਇਹ ਹੈ ਕਿ ਉਹ ਪਰਮੇਸ਼ਰ ਦੇ ਹੁਕਮ ਨੂੰ ਪੂਰਾ ਕਰੇ।

ਹੋਰ ਲੋਕ ਇਹ ਵੀ ਆਖ ਸਕਦੇ ਹਨ, “ਪਰ ਰੋਮੀਆਂ 11:25, 26 ਦੀ ਤੁਹਾਡੀ ਵਿਆਖਿਆ ਤਾਂ ਪੌਲੁਸ ਦੀ ਗੱਲ ਨੂੰ ਹੀ ਵੱਖਰੇ ਸ਼ਬਦਾਂ ਵਿੱਚ ਬਿਆਨ ਕਰ ਰਹੀ ਹੈ।” ਇਹ ਇਤਰਾਜ਼ ਜ਼ਿਆਦਾ ਮਾਅਨੇ ਨਹੀਂ ਰੱਖਦਾ ਹੈ ਕਿ ਕਿਉਂਕਿ ਪੌਲੁਸ ਮੁੱਖ ਗੱਲਾਂ ਨੂੰ ਬਾਰ-ਬਾਰ ਦੁਹਰਾਉਂਦਾ ਹੈ। 11:25 ਅਤੇ 26 ਵਿੱਚ ਪੌਲੁਸ ਦੁਆਰਾ ਮੁੱਖ ਵਿਚਾਰ ਨੂੰ ਦੁਹਰਾਏ ਜਾਣ ਵਿੱਚ ਕੋਈ ਗੜਬੜੀ ਨਹੀਂ ਹੈ।

ਇਸ ਦ੍ਰਿਸ਼ਟੀਕੋਣ ਨੂੰ ਇਨ੍ਹਾਂ ਸ਼ਬਦਾਂ ਵਿੱਚ ਸੰਖੇਪ ਕੀਤਾ ਜਾ ਸਕਦਾ ਹੈ: ਪਰਮੇਸ਼ਰ ਦੁਆਰਾ ਗੈਰਯਹੂਦੀਆਂ ਨੂੰ ਸਵੀਕਾਰ ਕਰ ਲਏ ਜਾਣ ਦੁਆਰਾ ਯਹੂਦੀ ਲੋਕ ਮਸੀਹ ਨੂੰ ਕਬੂਲ ਕਰਨ ਲਈ ਪ੍ਰੇਰਿਤ ਕੀਤੇ ਜਾ ਸਕਦੇ ਹਨ ਅਤੇ ਬਚ ਸਕਦੇ ਹਨ। ਕਹਿਣ ਦਾ ਭਾਵ ਹੈ ਕਿ ਗੈਰਯਹੂਦੀਆਂ ਦੁਆਰਾ ਖੁਸ਼ਖਬਰੀ ਨੂੰ ਕਬੂਲ ਕਰ ਲਏ ਜਾਣ ਦੇ “ਪ੍ਰਤੀ” ਪ੍ਰਤੀਕਿਰਿਆ ਕਰਕੇ ਇਸਰਾਏਲੀ ਖੁਸ਼ਖਬਰੀ ਉੱਤੇ ਦੁਬਾਰਾ ਗੌਰ ਕਰ ਸਕਦੇ ਹਨ ਅਤੇ ਮਸੀਹੀ ਬਣਨ ਦਾ ਫੈਸਲਾ ਕਰ ਸਕਦੇ ਹਨ। ਪਰਖ ਕੇ ਵੇਖੋ ਕਿ ਕੀ ਇਹ ਵਿਆਖਿਆ ਇਨ੍ਹਾਂ ਆਇਤਾਂ ਦੀ ਮੰਗ ਨੂੰ ਪੂਰਾ ਕਰਦੀ ਹੈ ਜਾਂ ਨਹੀਂ।

ਫਿਰ ਅਧਿਐਨ ਅਤੇ ਪ੍ਰਾਰਥਨਾ ਕਰਦੇ ਰਹੋ ਅਤੇ ਆਪਣੇ ਸਿੱਟੇ 'ਤੇ ਆਪ ਪੁੱਜੋ।

**ਆਇਤਾਂ 26, 27.** ਇਸ ਅਦਭੁਤ "ਭੇਤ" (ਪਰਕਾਸ਼) ਦਾ ਇੱਕ ਹਿੱਸਾ ਪਰਮੇਸ਼ਰ ਦੀ ਇਹ ਯੋਜਨਾ ਸੀ ਕਿ ਗੈਰਯਹੂਦੀਆਂ ਨੂੰ ਸਵੀਕਾਰ ਕਰਨ ਦੁਆਰਾ ਯਹੂਦੀਆਂ ਨੂੰ ਵਿਸ਼ਵਾਸ ਕਰਨ ਲਈ ਉਕਸਾਵੇ। ਜਿਵੇਂ ਕਿ ਪੌਲੁਸ ਨੇ ਅਕਸਰ ਕੀਤਾ, ਇੱਥੇ ਵੀ ਉਹ ਆਪਣੇ ਤਰਕ ਨੂੰ ਦ੍ਰਿੜ੍ਹ ਕਰਨ ਲਈ ਪਵਿੱਤਰ ਸ਼ਾਸਤਰ ਦੀ ਵਰਤੋਂ ਕਰਦਾ ਹੈ: **ਜਿਵੇਂ ਲਿਖਿਆ ਹੋਇਆ ਹੈ,- ਇਸਰਾਏਲ ਦਾ ਛੁਡਾਉਣ ਵਾਲਾ ਸੀਯੋਨ ਤੋਂ ਨਿੱਕਲੇਗਾ, ਉਹ ਯਾਕੂਬ ਤੋਂ ਅਭਗਤੀ ਹਟਾਵੇਗਾ, ਅਤੇ ਓਹਨਾਂ ਦੇ ਨਾਲ ਮੇਰਾ ਇਹ ਨੇਮ ਹੋਵੇਗਾ, ਜਾਂ ਮੈਂ ਓਹਨਾਂ ਦੇ ਪਾਪ ਚੁੱਕ ਲੈ ਜਾਵਾਂਗਾ।** ਇਹ ਕਥਨ ਪੁਰਾਣੇ ਨੇਮ ਦੇ ਵੱਖ-ਵੱਖ ਹਿੱਸਿਆਂ ਨੂੰ ਮਿਲਾ ਕੇ ਲਿਖਿਆ ਗਿਆ ਹੈ। ਇਸ ਦਾ ਮੁੱਖ ਸੰਦਰਭ ਯਸਾਯਾਹ 59:20, 21ਹੈ, ਜੋ ਆਖਦਾ ਹੈ, "'ਇੱਕ ਛੁਟਕਾਰਾ ਦੇਣ ਵਾਲਾ ਸੀਯੋਨ ਲਈ, ਅਤੇ ਯਾਕੂਬ ਵਿੱਚ ਅਪਰਾਧ ਤੋਂ ਹਟਣ ਵਾਲਿਆਂ ਲਈ ਆਵੇਗਾ, ਯਹੋਵਾਹ ਦਾ ਵਾਕ ਹੈ। ਮੇਰੀ ਵਲੋਂ, ਯਹੋਵਾਹ ਆਖਦਾ ਹੈ, ਓਹਨਾਂ ਨਾਲ ਮੇਰਾ ਏਹ ਨੇਮ ਹੈ।'" ਇਨ੍ਹਾਂ ਆਇਤਾਂ ਵਿੱਚ ਯਸਾਯਾਹ ਨੇ ਇਸਰਾਏਲ ਦੀ ਮੁੜ ਬਹਾਲੀ ਦੀ ਨਬੂਵਤ ਕੀਤੀ ਸੀ। ਪੌਲੁਸ ਇਨ੍ਹਾਂ ਸ਼ਬਦਾਂ ਨੂੰ ਯਿਸੂ ਲਈ ਲਾਗੂ ਕਰਦਾ ਹੈ, ਜੋ ਯਹੂਦੀਆਂ ਦੇ ਲਈ ਪਰਮੇਸ਼ਰ ਕੋਲ ਮੁੜ ਆਉਣ ਦਾ ਰਾਹ ਬਣੇਗਾ। ਇੱਥੇ ਯਸਾਯਾਹ 27:9 ਦਾ ਇੱਕ ਵਾਕ ਵੀ ਹੋ ਸਕਦਾ ਹੈ, ਜੋ ਆਖਦਾ ਹੈ, "ਯਾਕੂਬ ਦੀ ਬਦੀ ਦਾ ਪਰਾਸਚਿਤ ਹੋਵੇਗਾ।" ਇਸ ਦਾ ਅੰਤ ਸਾਨੂੰ ਯਿਰਮਿਯਾਹ ਵੱਲੋਂ ਵਾਦਾ ਕੀਤੇ ਗਏ "ਇੱਕ ਨਵੇਂ ਨੇਮ" ਦੀ ਯਾਦ ਦਿਵਾਉਂਦਾ ਹੈ (ਯਿਰਮਿਯਾਹ 31:31-34), ਜਿਸ ਵਿੱਚ ਇਹ ਵੀ ਸ਼ਾਮਲ ਹੈ, "ਮੈਂ ਓਹਨਾਂ ਦੀ ਬਦੀ ਨੂੰ ਮਾਫ਼ ਕਰਾਂਗਾ ਅਤੇ ਓਹਨਾਂ ਦੇ ਪਾਪ ਫੇਰ ਚੇਤੇ ਨਾ ਕਰਾਂਗਾ।"

ਪੁਰਾਣੇ ਨੇਮ ਦੇ ਵਾਕ ਅਤੇ ਪੌਲੁਸ ਦੇ ਆਖੇ ਵਾਕ ਵਿੱਚ ਇੱਕ ਸਪੱਸ਼ਟ ਭਿੰਨਤਾ ਇਹ ਹੈ ਕਿ ਯਸਾਯਾਹ ਵਿੱਚ ਲਿਖਿਆ ਹੈ "ਇੱਕ ਛੁਟਕਾਰਾ ਦੇਣ ਵਾਲਾ ਸੀਯੋਨ *ਲਈ* . . . ਆਵੇਗਾ" ਜਦਕਿ ਪੌਲੁਸ ਲਿਖਦਾ ਹੈ "ਛੁਡਾਉਣ ਵਾਲਾ ਸੀਯੋਨ *ਤੋਂ* ਨਿੱਕਲੇਗਾ।" ਅਸੀਂ ਪੱਕੇ ਤੌਰ 'ਤੇ ਇਹ ਨਹੀਂ ਕਹਿ ਸਕਦੇ ਕਿ ਪੌਲੁਸ ਨੇ (ਪ੍ਰੇਰਣਾ ਰਾਹੀਂ) ਇਨ੍ਹਾਂ ਸ਼ਬਦਾਂ ਨੂੰ ਕਿਉਂ ਬਦਲਿਆ। ਸ਼ਾਇਦ ਉਹ ਗੈਰਯਹੂਦੀਆਂ ਨੂੰ ਦੁਬਾਰਾ ਚੇਤੇ ਕਰਵਾ ਰਿਹਾ ਸੀ ਕਿ ਉਨ੍ਹਾਂ ਦਾ ਮੁਕਤੀਦਾਤਾ *ਯਹੂਦੀ* ਸੀ। ਸੰਭਵ ਹੈ ਕਿ ਪੌਲੁਸ ਯਸਾਯਾਹ ਦੀ ਨਬੂਵਤ ਤੋਂ ਪ੍ਰਭਾਵਿਤ ਸੀ ਕਿ "ਯਹੋਵਾਹ ਦਾ ਬਚਨ [ਖੁਸ਼ਖਬਰੀ] ਯਰੂਸ਼ਲਮ *ਤੋਂ*" ਨਿਕਲੇਗਾ (ਯਸਾਯਾਹ 2:3; ਜ਼ੋਰ ਦਿੱਤਾ ਗਿਆ ਹੈ; ਵੇਖੋ ਲੂਕਾ 24:47)।

ਜਿਹੜੇ ਲੋਕ ਸੋਚਦੇ ਹਨ ਕਿ ਰੋਮੀਆਂ 11:25-27 ਯੁੱਗ ਦੇ ਅੰਤ ਵੇਲੇ ਦੀ ਗੱਲ ਕਰ ਰਿਹਾ ਹੈ, ਮੰਨਦੇ ਹਨ ਕਿ ਪੌਲੁਸ ਵੱਲੋਂ ਵਰਤਿਆ ਗਿਆ ਪੁਰਾਣੇ ਨੇਮ ਦਾ ਵਾਕ ਯਿਸੂ ਦੀ *ਦੂਜੀ ਆਮਦ* ਬਾਰੇ ਗੱਲ ਕਰਦਾ ਹੈ। ਇਸ ਵਿਆਖਿਆ ਨੂੰ ਰੱਦਣ ਦੇ ਕਈ ਕਾਰਨ ਹਨ। (1) ਜਿਵੇਂ ਕਿ ਜੌਨ ਆਰ. ਡਬਲਿਊ. ਸਟੌਟ ਨੇ ਦਰਸ਼ਾਇਆ, "ਇਹ [ਆਇਤਾਂ] ਯਸਾਯਾਹ ਦੇ ਮੂਲ ਮੰਤਵ ਵਿੱਚ ਮਸੀਹ ਦੇ *ਪਹਿਲੇ* ਆਗਮਨ ਬਾਰੇ ਸਨ।"[41] (2) ਮਸੀਹ ਦੇ *ਪਹਿਲੇ* ਆਗਮਨ ਦਾ ਇੱਕ ਮਕਸਦ "ਯਾਕੂਬ [ਇਸਰਾਏਲ] ਤੋਂ ਅਭਗਤੀ ਹਟਾਉਣਾ" ਸੀ (ਵੇਖੋ ਮੱਤੀ 15:24), "ਓਹਨਾਂ ਦੇ ਪਾਪ ਚੁੱਕ ਲੈ ਜਾਣਾ" ਸੀ—ਕਹਿਣ ਦਾ ਭਾਵ ਹੈ ਗੁਆਚਿਆਂ ਹੋਇਆਂ ਨੂੰ ਬਚਾਉਣਾ (ਲੂਕਾ 19:10)। ਜਦ ਯਿਸੂ *ਦੂਜੀ* ਵਾਰੀ ਆਵੇਗਾ, ਤਾਂ ਪਾਪ ਨੂੰ ਚੁੱਕ ਲੈ ਜਾਣ ਲਈ ਨਹੀਂ, ਸਗੋਂ ਨਿਆਂ ਕਰਨ ਲਈ ਆਵੇਗਾ (ਮੱਤੀ 25:31-33)। (3) ਰੋਮੀਆਂ 11:26, 27 ਨੂੰ ਯਿਰਮਿਯਾਹ ਦੇ "ਇੱਕ ਨਵੇਂ ਨੇਮ"

ਦੇ ਵਾਦੇ ਤੋਂ ਵੱਖਰਾ ਕਰਨਾ ਅਸੰਭਵ ਹੋਵੇਗਾ ਪਰ ਨਵਾਂ ਨੇਮ (ਯਿਸੂ ਦਾ ਨਵਾਂ ਨੇਮ) ਤਾਂ ਸਥਾਪਿਤ ਕੀਤਾ ਜਾ ਚੁੱਕਾ ਹੈ (ਇਬਰਾਨੀਆਂ 8:8-13)। ਇਸ ਕਰਕੇ ਅਸੀਂ ਇਸ ਸਿੱਟੇ ’ਤੇ ਪੁੱਜਦੇ ਹਾਂ ਕਿ ਰੋਮੀਆਂ 11:26, 27 ਯਿਸੂ ਦੇ ਪਹਿਲੇ ਆਗਮਨ ਬਾਰੇ ਗੱਲ ਕਰਦਾ ਹੈ—ਜਦੋਂ ਉਹ “ਦੇਹਧਾਰੀ ਹੋਇਆ” (ਯੂਹੰਨਾ 1:14)—ਉਸ ਦੀ ਦੂਜੀ ਆਮਦ ਬਾਰੇ ਨਹੀਂ।

ਆਇਤ 26 ਅਤੇ 27 ਵਿੱਚ ਇਸ ਕਥਨ ਦਾ ਮਕਸਦ ਇਹ ਦਰਸ਼ਾਉਣਾ ਸੀ ਕਿ ਨਬੀ ਨੇ ਇਸ ਬਾਰੇ ਨਬੂਵਤ ਕੀਤੀ ਸੀ ਕਿ ਛੁਟਕਾਰਾ ਦੇਣ ਵਾਲਾ (ਮਸੀਹ) ਇਸਰਾਏਲ ਨੂੰ ਬਚਾਉਣ ਲਈ (ਉਨ੍ਹਾਂ ਨੂੰ ਪਰਮੇਸ਼ਰ ਦੀਆਂ ਯੋਜਨਾਵਾਂ ਅਤੇ ਉਦੇਸ਼ਾਂ ਵਿੱਚ ਵਾਪਸ ਲਿਆਉਣ ਲਈ) ਆਵੇਗਾ। ਇਹ ਤਦ ਹੋਵੇਗਾ ਜਦ ਪਰਮੇਸ਼ਰ ਵੱਲੋਂ ਗੈਰਯਹੂਦੀਆਂ ਨੂੰ ਸਵੀਕਾਰ ਕਰ ਲਏ ਜਾਣ ਕਰਕੇ ਯਹੂਦੀ ਅਣਖੀ ਹੋਣਗੇ। ਪਰਮੇਸ਼ਰ ਕੋਲ ਯਹੂਦੀਆਂ ਨੂੰ ਬਚਾਉਣ ਦੀ ਯੋਜਨਾ ਸੀ (ਅਤੇ ਹੈ), ਅਜਿਹੀ ਯੋਜਨਾ ਜਿਹੜੀ ਮਸੀਹ ਵਿੱਚ ਕੇਂਦ੍ਰਿਤ ਹੈ।

**ਆਇਤਾਂ 28, 29.** ਜੇਕਰ ਮੁਕਤੀ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਤਾਂ ਅਸੀਂ ਜਾਣ ਸਕਦੇ ਹਾਂ ਕਿ ਪਰਮੇਸ਼ਰ ਅਜੇ ਵੀ ਯਹੂਦੀਆਂ ਨੂੰ ਬਚਾਉਣਾ *ਚਾਹੁੰਦਾ* ਹੈ। ਆਇਤ 28 ਅਤੇ 29 ਵਿੱਚ ਪੌਲੁਸ ਨੇ ਆਖਿਆ,

> **ਇੰਜੀਲ ਦੇ ਅਨੁਸਾਰ ਓਹ [ਯਹੂਦੀ] ਤੁਹਾਡੇ [ਗੈਰਯਹੂਦੀਆਂ ਦੇ] ਕਾਰਨ ਵੈਰੀ ਹਨ ਪਰ ਚੋਣ ਦੇ ਅਨੁਸਾਰ ਵੱਡਿਆਂ ਦੇ ਕਾਰਨ [ਯਹੂਦੀ] ਪਿਆਰੇ ਹਨ। ਕਿਉਂ ਜੋ ਪਰਮੇਸ਼ੁਰ ਦੀਆਂ ਦਾਤਾਂ ਅਤੇ ਸੱਦਾ ਅਟਲ ਹਨ।**

ਇੱਕ ਦ੍ਰਿਸ਼ਟੀਕੋਣ ਤੋਂ ਯਹੂਦੀ “ਵੈਰੀ” ਹਨ ਅਤੇ ਦੂਜੇ ਦ੍ਰਿਸ਼ਟੀਕੋਣ ਤੋਂ ਉਹ “ਪਿਆਰੇ” ਹਨ।

ਜਿਹੜੇ ਲੋਕ ਇਹ ਮੰਨਦੇ ਹਨ ਕਿ ਭੌਤਿਕ ਯਹੂਦੀ ਅਜੇ ਵੀ “ਪਰਮੇਸ਼ਰ ਦੇ ਚੁਣੇ ਹੋਏ ਲੋਕ” ਹਨ, ਆਖਦੇ ਹਨ ਕਿ ਇਹ ਦੋ ਆਇਤਾਂ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਸਹੀ ਠਹਿਰਾਉਂਦੀਆਂ ਹਨ। ਪਰ ਇੱਕ ਥਾਂ ’ਤੇ ਅਸੀਂ ਇਹ ਸਿੱਟਾ ਕੱਢਿਆ ਸੀ ਕਿ ਭੌਤਿਕ ਇਸਰਾਏਲ ਹੁਣ ਪਰਮੇਸ਼ਰ ਦੀ ਚੁਣੀ ਹੋਈ ਕੌਮ ਨਹੀਂ ਹੈ (ਵੇਖੋ *ਪ੍ਰਾਸੰਗਿਕਤਾ: ਪਰਮੇਸ਼ਰ ਅਤੇ ਇਸਰਾਏਲ,* ਪੰਨਾ 224-228)। “ਇਸਰਾਏਲ ਲਈ ਰਾਖਵੇਂ ਸਾਰੇ ਕੌਮੀ ਲਾਭ ਸਮਾਪਤ ਕਰ ਦਿੱਤੇ ਗਏ ਹਨ।”[42] ਜੇਕਰ ਅਜਿਹਾ ਹੈ ਤਾਂ, ਪੌਲੁਸ ਆਇਤ 28 ਅਤੇ 29 ਵਿੱਚ ਕੀ ਆਖ ਰਿਹਾ *ਸੀ*? ਅਜਿਹਾ ਜਾਪਦਾ ਹੈ ਕਿ ਉਹ ਇਹ ਸਮਝਾਉਣਾ ਚਾਹ ਰਿਹਾ ਸੀ ਕਿ ਪਰਮੇਸ਼ਰ ਯਹੂਦੀਆਂ ਅੱਗੇ ਤੋਬਾ ਕਰਨ ਅਤੇ ਉਸ ਦੇ ਕੋਲ ਮੁੜ ਆਉਣ ਦੇ ਅਵਸਰ ਕਿਉਂ ਰੱਖਦਾ ਆ ਰਿਹਾ ਸੀ।

ਆਇਤ 28 ਇਸ ਤਰ੍ਹਾਂ ਅਰੰਭ ਹੁੰਦੀ ਹੈ, “ਇੰਜੀਲ ਦੇ ਅਨੁਸਾਰ ਓਹ [ਯਹੂਦੀ] . . . ਵੈਰੀ ਹਨ।” ਯਹੂਦੀ ਆਗੂਆਂ ਦੀ ਅਗਵਾਈ ਹੇਠ ਯਹੂਦੀ ਲੋਕਾਂ ਦੀ ਭੀੜ ਨੇ ਯਿਸੂ ਨੂੰ ਸਲੀਬ ’ਤੇ ਚਾੜ੍ਹਿਆ ਸੀ। ਕਲੀਸਿਯਾ ਦੀ ਸਥਾਪਨਾ ਤੋਂ ਬਾਅਦ ਯਹੂਦੀਆਂ ਨੇ ਬੜੀ ਸਰਗਰਮੀ ਦੇ ਨਾਲ ਯਿਸੂ ਬਾਰੇ ਹੋਣ ਵਾਲੇ ਪਰਚਾਰ ਦਾ ਕੜਾ ਵਿਰੋਧ ਕੀਤਾ ਸੀ (ਵੇਖੋ ਰਸੂਲਾਂ 17:5, 13)। ਜੇਕਰ ਉਨ੍ਹਾਂ ਵਿੱਚੋਂ ਕੁਝ ਲੋਕਾਂ ਨੂੰ ਉਨ੍ਹਾਂ ਦੀ ਮਨ-ਮਰਜੀ ਪੂਰੀ ਕਰਨ ਦਿੱਤੀ ਜਾਂਦੀ ਤਾਂ ਇੰਜੀਲ ਦੇ ਹਰੇਕ ਪਰਚਾਰਕ ਦਾ ਮੂੰਹ ਹਮੇਸ਼ਾ ਦੇ ਲਈ ਬੰਦ ਕਰ ਦਿੱਤਾ ਜਾਂਦਾ। “ਇੰਜੀਲ ਦੇ ਅਨੁਸਾਰ” ਯਹੂਦੀ ਪੱਕੇ “ਵੈਰੀ” ਸਨ।

ਨਾਲ ਹੀ ਪੌਲੁਸ ਨੇ ਆਖਿਆ, “ਤੁਹਾਡੇ [ਗੈਰਯਹੂਦੀਆਂ ਦੇ] ਕਾਰਨ।” ਇੱਥੇ ਉਸੇ ਤੱਥ ਨੂੰ ਦੁਹਰਾਇਆ ਗਿਆ ਹੈ ਜਿਸ ਨੂੰ ਅਧਿਆਇ 11 ਵਿੱਚ ਬਾਰ-ਬਾਰ ਆਖਿਆ ਗਿਆ ਹੈ: ਯਹੂਦੀਆਂ ਵੱਲੋਂ ਇੰਜੀਲ ਨੂੰ ਠੁਕਰਾਏ ਜਾਣ ਦੇ ਕਾਰਨ ਗੈਰਯਹੂਦੀਆਂ ਨੂੰ ਇੰਜੀਲ ਸੁਣਨ ਅਤੇ ਬਚਾਏ ਜਾਣ ਦਾ ਅਵਸਰ ਮਿਲਿਆ।

ਇਸ ਤੱਥ ਤੋਂ ਕੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਯਹੂਦੀ ਇੰਜੀਲ ਦੇ ਵੈਰੀ ਸਨ, ਅਤੇ ਇਸ ਕਰਕੇ, ਉਸ ਦੇ ਵੀ ਜਿਸ ਨੇ ਇੰਜੀਲ ਦਿੱਤੀ ਸੀ? ਆਇਤ 28 ਦੇ ਪਹਿਲੇ ਹਿੱਸੇ ਨੂੰ ਇਸ ਤਰ੍ਹਾਂ ਸਮਝਾਇਆ ਜਾ ਸਕਦਾ ਹੈ: “ਇੰਜੀਲ ਦੇ ਦ੍ਰਿਸ਼ਟੀਕੋਣ ਤੋਂ ਓਹ . . . ਵੈਰੀ ਹਨ [ਅਤੇ ਕੇਵਲ ਸਜ਼ਾ ਦੇ ਹੱਕਦਾਰ ਹਨ]।”

ਇਸ ਗੱਲ ਨੂੰ ਵੇਖਦਿਆਂ ਕਿ ਯਹੂਦੀਆਂ ਨੇ ਯਿਸੂ ਦੀ ਹੱਤਿਆ ਕਰਨ ਅਤੇ ਕਲੀਸਿਯਾ ਤੇ ਮਸੀਹੀਆਂ ਨੂੰ ਨਾਸ ਕਰਨ ਲਈ ਕੀ-ਕੀ ਕੀਤਾ ਸੀ, ਪਰਮੇਸ਼ਰ ਨੇ ਉਨ੍ਹਾਂ ਨੂੰ ਧਰਤੀ ਤੋਂ ਪੂਰੀ ਤਰ੍ਹਾਂ ਮਿਟਾ ਕਿਉਂ ਨਹੀਂ ਦਿੱਤਾ? ਇਹ ਗੱਲ ਸਾਨੂੰ ਆਇਤ 28 ਦੇ ਆਖਰੀ ਹਿੱਸੇ ਵੱਲ ਲੈ ਆਉਂਦੀ ਹੈ: “ਪਰ ਚੋਣ ਦੇ ਅਨੁਸਾਰ ਵੱਡਿਆਂ ਦੇ ਕਾਰਨ ਪਿਆਰੇ ਹਨ।”

“ਚੋਣ” ਦਾ ਅਰਥ ਪਰਮੇਸ਼ਰ ਵੱਲੋਂ ਇਸਰਾਏਲ ਨੂੰ ਅਜਿਹੀ ਕੌਮ ਵਜੋਂ ਚੁਣੇ ਜਾਣਾ ਹੈ ਜਿਸ ਦੇ ਦੁਆਰਾ ਉਹ ਆਪਣੀਆਂ ਯੋਜਨਾਵਾਂ ਨੂੰ ਪੂਰਾ ਕਰੇਗਾ। ਕੀ ਇਸਰਾਏਲ “ਪਿਆਰਾ” ਇਸ ਕਰਕੇ ਸੀ ਕਿ ਉਸ ਦੇ ਵਸਨੀਕ ਬਹੁਤ ਪਿਆਰੇ ਲੋਕ ਸਨ ਜਾਂ ਹਮੇਸ਼ਾ ਪਰਮੇਸ਼ਰ ਨੂੰ ਪਿਆਰ ਕਰਦੇ ਸਨ? ਨਹੀਂ। ਸਗੋਂ ਇਸਰਾਏਲ “ਵੱਡਿਆਂ ਦੇ ਕਾਰਨ” ਪਿਆਰਾ ਸੀ। “ਵੱਡਿਆਂ” ਦਾ ਅਰਥ ਹੈ “ਪੁਰਖੇ” (NIV)—ਵਿਸ਼ੇਸ਼ ਤੌਰ ’ਤੇ ਅਬਰਾਹਾਮ (ਵੇਖੋ ਰੋਮੀਆਂ 4), ਜੋ “ਪਰਮੇਸ਼ੁਰ ਦਾ ਮਿੱਤਰ” ਸੀ (ਯਾਕੂਬ 2:23; ਵੇਖੋ 2 ਇਤਹਾਸ 20:7; ਯਸਾਯਾਹ 41:8)।

ਪਰਮੇਸ਼ਰ ਨੇ ਅਬਰਾਹਾਮ ਦੇ ਨਾਲ ਕੁਝ ਪ੍ਰਤਿੱਗਿਆਵਾਂ ਕੀਤੀਆਂ ਸਨ ਅਤੇ ਉਹ ਆਪਣੇ ਵਚਨਾਂ ਤੋਂ ਮੁੱਕਰਿਆ ਨਹੀਂ ਸੀ। ਆਇਤ 29 ਦੱਸਦੀ ਹੈ ਕਿ “ਪਰਮੇਸ਼ੁਰ ਦੀਆਂ ਦਾਤਾਂ ਅਤੇ ਸੱਦਾ ਅਟਲ ਹਨ” (ਵੇਖੋ ਗਿਣਤੀ 23:19)। “ਅਟਲ” ਨੂੰ ਯੂਨਾਨੀ ਦੇ ਸ਼ਬਦ ἀμεταμέλητος (*ਆਮੇਟਾਮੇਲੇਟੋਸ*) ਤੋਂ ਅਨੁਵਾਦ ਕੀਤਾ ਗਿਆ ਹੈ, ਜੋ ਦਰਅਸਲ “ਤੋਬਾ” ਲਈ ਇਸਤੇਮਾਲ ਕੀਤੇ ਜਾਣ ਵਾਲਾ ਸ਼ਬਦ ਹੈ ਜਿਸ ਨੂੰ ਇੱਕ ਅਲਫ਼ਾ (α, *ਆ*) ਲਗਾ ਕੇ ਨਕਾਰਾਤਮਕ ਬਣਾਇਆ ਗਿਆ ਹੈ। KJV ਇਸ ਨੂੰ “ਤੋਬਾ ਤੋਂ ਰਹਿਤ” ਵਜੋਂ ਲਿਖਦੀ ਹੈ। “ਤੋਬਾ” ਦਾ ਮੁੱਢਲਾ ਅਰਥ ਹੈ “ਮਨ ਬਦਲਨਾ।” ਪਰਮੇਸ਼ਰ ਨੇ ਅਬਰਾਹਾਮ ਨੂੰ ਕੀਤੀਆਂ ਆਪਣੀਆਂ ਪ੍ਰਤਿੱਗਿਆਵਾਂ ਨੂੰ ਪੂਰਿਆਂ ਕਰਨ ਦੇ ਪ੍ਰਤੀ ਕੇਵਲ ਇਸ ਕਰਕੇ ਆਪਣਾ ਮਨ ਨਹੀਂ ਬਦਲਿਆ ਸੀ, ਕਿ ਅਬਰਾਹਾਮ ਦਾ ਵੰਸ਼ ਉਹੋ ਜਿਹਾ ਨਹੀਂ ਰਿਹਾ ਸੀ ਜਿਹੋ ਜਿਹਾ ਉਨ੍ਹਾਂ ਨੂੰ ਹੋਣਾ ਚਾਹੀਦਾ ਸੀ। ਜਿਵੇਂ ਕਿ ਪਹਿਲਾਂ ਵੀ ਵੇਖਿਆ ਗਿਆ ਹੈ, ਪਰਮੇਸ਼ਰ ਨੇ ਯਹੂਦੀਆਂ ਨੂੰ ਕੀਤੀ ਆਪਣੀ ਹਰੇਕ ਪ੍ਰਤਿੱਗਿਆ ਨੂੰ ਪੂਰਾ ਕੀਤਾ ਸੀ।

ਜਿਵੇਂ ਕਿ ਪਹਿਲਾਂ ਵੀ ਸੁਝਾਅ ਦਿੱਤਾ ਗਿਆ ਹੈ, ਆਇਤ 28 ਦੇ ਪਹਿਲੇ ਹਿੱਸੇ ਨੂੰ ਇਸ ਤਰ੍ਹਾਂ ਸਮਝਾਇਆ ਜਾ ਸਕਦਾ ਹੈ: “ਇੰਜੀਲ ਦੇ ਅਨੁਸਾਰ ਓਹ [ਯਹੂਦੀ] . . . ਵੈਰੀ ਹਨ [ਅਤੇ ਕੇਵਲ ਸਜ਼ਾ ਦੇ ਹੱਕਦਾਰ ਹਨ]।” ਆਇਤ 28 ਦੇ ਬਾਕੀ ਹਿੱਸੇ ਨੂੰ ਇਸ ਤਰ੍ਹਾਂ ਸਮਝਾਇਆ ਜਾ ਸਕਦਾ ਹੈ: “ਪਰਮੇਸ਼ਰ ਦੀ ਚੋਣ ਦੇ ਦ੍ਰਿਸ਼ਟੀਕੋਣ ਤੋਂ ਉਹ [ਯਹੂਦੀ] ਵੱਡਿਆਂ ਦੇ ਕਾਰਨ ਪਿਆਰੇ ਹਨ [ਇਸ ਕਰਕੇ ਪਰਮੇਸ਼ਰ ਉਨ੍ਹਾਂ ਨੂੰ ਖੁਸ਼ਖਬਰੀ ਸੁਣਨ ਅਤੇ ਉਸ ਨੂੰ ਕਬੂਲ ਕਰਨ ਦਾ ਇੱਕ ਹੋਰ ਅਵਸਰ

ਦੇ ਰਿਹਾ ਹੈ]।" ਯਹੂਦੀਆਂ ਵੱਲੋਂ ਕੀਤੇ ਗਏ ਭੈੜੇ ਕੰਮਾਂ ਦੇ ਬਾਵਜੂਦ ਵੀ ਪਰਮੇਸ਼ਰ ਚਾਹੁੰਦਾ ਹੈ ਕਿ ਯਹੂਦੀ ਬਚਾਏ ਜਾਣ।

**ਆਇਤਾਂ 30, 31.** ਪੌਲੁਸ ਨੇ ਉਸ ਵਾਕ ਨੂੰ, ਜਿਸ ਨੂੰ ਹੁਣ ਅਸੀਂ ਚੰਗੀ ਤਰ੍ਹਾਂ ਜਾਣ ਗਏ ਹਾਂ (ਆਖਰੀ ਵਾਰ) ਦੁਹਰਾਇਆ। (ਪਰਮੇਸ਼ਰ ਦੁਆਰਾ) ਯਹੂਦੀਆਂ ਨੂੰ ਠੁਕਾਰਾਏ ਜਾਣ ਕਾਰਨ (ਪਰਮੇਸ਼ਰ ਦੁਆਰਾ) ਗੈਰਯਹੂਦੀਆਂ ਨੂੰ ਸਵੀਕਾਰ ਕੀਤੇ ਜਾਣ ਦਾ ਅਵਸਰ ਮਿਲਿਆ। ਇਸ ਦਾ ਮਕਸਦ ਯਹੂਦੀਆਂ ਵਿੱਚ ਗੈਰਯਹੂਦੀ ਮਸੀਹੀਆਂ ਵੱਲੋਂ ਮਾਣੀਆਂ ਜਾ ਰਹੀਆਂ ਅਸੀਸਾਂ ਨੂੰ ਪ੍ਰਾਪਤ ਕਰਨ ਦੀ ਇੱਕ ਤੀਬਰ ਇੱਛਾ ਪੈਦਾ ਕਰਨਾ ਸੀ। ਇਸ ਦੇ ਨਤੀਜੇ ਵਜੋਂ ਉਹ ਇੰਜੀਲ ਦੀ ਆਗਿਆਕਾਰੀ ਕਰਨਗੇ ਅਤੇ ਪਰਮੇਸ਼ਰ ਵੱਲੋਂ ਸਵੀਕਾਰ ਕੀਤੇ ਜਾਣਗੇ। ਇਸ ਤਰਤੀਬ ਨੂੰ ਪੌਲੁਸ ਨੇ ਆਇਤਾਂ 30 ਅਤੇ 31 ਵਿੱਚ ਇਸ ਤਰ੍ਹਾਂ ਬਿਆਨ ਕੀਤਾ:

> **ਜਿਸ ਪਰਕਾਰ ਤੁਸੀਂ** [ਗੈਰਯਹੂਦੀ] **ਪਹਿਲਾਂ ਪਰਮੇਸ਼ੁਰ ਦੇ ਅਣਆਗਿਆਕਾਰ ਸਾਓ ਪਰ ਹੁਣ ਉਨ੍ਹਾਂ** [ਯਹੂਦੀਆਂ] **ਦੀ ਅਣਆਗਿਆਕਾਰੀ**[43] **ਦੇ ਕਾਰਨ ਤੁਹਾਡੇ ਉੱਤੇ ਦਯਾ ਕੀਤੀ ਗਈ। ਇਸੇ ਪਰਕਾਰ ਹੁਣ ਇਹ** [ਯਹੂਦੀ] **ਵੀ ਅਣਆਗਿਆਕਾਰ ਹੋਏ ਭਈ ਤੁਹਾਡੇ** [ਗੈਰਯਹੂਦੀਆਂ] **ਉੱਤੇ ਜੋ ਦਯਾ ਕੀਤੀ ਗਈ ਹੈ ਉਸ ਕਰਕੇ ਓਹਨਾਂ** [ਯਹੂਦੀਆਂ] **ਉੱਤੇ ਭੀ ਦਯਾ ਕੀਤੀ ਜਾਵੇ।**

ਇਨ੍ਹਾਂ ਦੋ ਆਇਤਾਂ ਵਿੱਚ ਪੌਲੁਸ ਦੇ ਮੁੱਖ ਵਿਚਾਰ ਨੂੰ ਸਮਝਣਾ ਸੌਖਾ ਹੈ:

ਯਹੂਦੀਆਂ ਦੀ ਅਣਆਗਿਆਕਾਰੀ (ਜਿਸ ਦੇ ਕਾਰਨ ਪਰਮੇਸ਼ਰ ਦੁਆਰਾ ਯਹੂਦੀਆਂ ਨੂੰ ਠੁਕਰਾਇਆ ਗਿਆ)

ਗੈਰਯਹੂਦੀਆਂ ਉੱਤੇ ਦਯਾ ਕੀਤੀ ਗਈ (ਪਰਮੇਸ਼ਰ ਦੁਆਰਾ ਗੈਰਯਹੂਦੀਆਂ ਨੂੰ ਸਵੀਕਾਰ ਕੀਤਾ ਗਿਆ)

ਯਹੂਦੀਆਂ ਉੱਤੇ ਦਯਾ ਕੀਤੀ ਗਈ (ਪਰਮੇਸ਼ਰ ਦੁਆਰਾ ਯਹੂਦੀਆਂ ਨੂੰ ਸਵੀਕਾਰ ਕੀਤਾ ਗਿਆ)

ਅਧਿਆਇ 9 ਤੋਂ ਲੈ ਕੇ ਅਧਿਆਇ 11 ਤੱਕ "ਦਯਾ" ਇੱਕ ਮੁੱਖ ਸ਼ਬਦ ਹੈ (ਵੇਖੋ 9:15, 16, 18, 23)। ਇਹ ਸ਼ਬਦ 11:30-32 ਵਿੱਚ ਚਾਰ ਵਾਰੀ ਆਇਆ ਹੈ। "ਦਯਾ" (ἔλεος, *ਏਲੇਓਸ*) "ਕਿਰਪਾ" (χάρις, *ਖਾਰਿਸ*) ਦੇ ਨਾਲ ਬਹੁਤ ਮਿਲਦਾ-ਜੁਲਦਾ ਸ਼ਬਦ ਹੈ ਅਤੇ ਇਨ੍ਹਾਂ ਦੋਹਾਂ ਵਿੱਚ ਫਰਕ ਕਰਨਾ ਔਖਾ ਹੈ। ਇੱਕ ਪਰਿਭਾਸ਼ਾ ਆਖਦੀ ਹੈ ਕਿ "ਦਯਾ" ਦਾ ਅਰਥ ਹੈ "ਪਰਮੇਸ਼ਰ ਦੇ ਪ੍ਰੇਮ ਦਾ ਉਹ ਪੱਖ ਜੋ ਉਸ ਨੂੰ ਮੰਦਭਾਗਿਆਂ ਦੀ ਮਦਦ ਕਰਨ ਲਈ ਮਜਬੂਰ ਕਰਦਾ ਹੈ, ਉਸੇ ਤਰ੍ਹਾਂ 'ਕਿਰਪਾ' ਦਾ ਅਰਥ ਹੈ ਪਰਮੇਸ਼ਰ ਦੇ ਪ੍ਰੇਮ ਦਾ ਉਹ ਪੱਖ ਜੋ ਉਸ ਨੂੰ ਦੋਸ਼ੀਆਂ ਨੂੰ ਮਾਫ਼ ਕਰਨ ਲਈ ਮਜਬੂਰ ਕਰਦਾ ਹੈ।"[44]

**ਆਇਤ 32.** ਪੌਲੁਸ ਨੇ ਚਰਚਾ ਦਾ ਇਹ ਹਿੱਸਾ ਇਹ ਆਖ ਕੇ ਸਮਾਪਤ ਕੀਤਾ, **ਸੋ ਪਰਮੇਸ਼ੁਰ ਨੇ ਸਭਨਾਂ ਨੂੰ ਇੱਕ ਸੰਗ ਕਰਕੇ ਅਣਆਗਿਆਕਾਰੀ ਦੇ ਬੰਧਨ ਵਿੱਚ ਬੱਧਾ ਭਈ ਉਹ ਸਭਨਾਂ ਉੱਤੇ ਦਯਾ ਕਰੇ।** "ਬੰਧਨ ਵਿੱਚ ਬੱਧਾ" ਯੂਨਾਨੀ ਸ਼ਬਦ συγκλείω (*ਸੁਨਕਲੇਇਓ*) ਦਾ ਅਨੁਵਾਦ ਹੈ, ਜੋ κλείω (*ਕਲੇਇਓ*, "ਬੰਧਨ ਵਿੱਚ ਬਨਣਾ") ਅਤੇ ਉਸ ਦੇ ਅੱਗੇ σύν (*ਸੁਨ*,

"ਦੇ ਨਾਲ, ਇਕੱਠਿਆਂ") ਨਾਲ ਮਿਲ ਕੇ ਬਣਿਆ ਇੱਕ ਸੰਯੁਕਤ ਸ਼ਬਦ ਹੈ। ਮੈਕੋਰਡ ਇਸ ਆਇਤ ਦੇ ਪਹਿਲੇ ਹਿੱਸਾ ਦਾ ਅਨੁਵਾਦ ਇਸ ਤਰ੍ਹਾਂ ਕਰਦਾ ਹੈ, "ਪਰਮੇਸ਼ੁਰ ਨੇ ਸਭਨਾਂ ਨੂੰ ਅਣਆਗਿਆਕਾਰੀ ਦੀ ਕੈਦ ਵਿੱਚ ਪਾਇਆ ਹੋਇਆ ਹੈ।" ਪਰਮੇਸ਼ੁਰ ਨੇ ਇਹ ਸਾਡੇ ਨਾਲ ਆਪਣੀ ਮਰਜ਼ੀ ਨਾਲ ਨਹੀਂ ਕੀਤਾ ਹੈ; ਇਹ ਤਾਂ ਸਾਡੇ ਆਪਣੇ ਪਾਪਪੁਣੇ ਦਾ ਨਤੀਜਾ ਹੈ। ਸਾਡੇ ਪਾਪ ਦੇ ਕਾਰਨ, ਅਸੀਂ ਸਾਰੇ ਪਾਪ ਦੀ ਗੁਲਾਮੀ ਵਿੱਚ ਪਏ ਸਾਂ। "ਹਾਲਾਤ ਬਹੁਤ ਮਾੜੇ ਹਨ: ਪਾਪ ਪਰੇਸ਼ਾਨ ਕਰਦਾ ਹੈ, ਸ਼ਰਾ ਦੋਸ਼ ਲਗਾਉਂਦੀ ਹੈ, ਵਿਵੇਕ ਡਰਾਉਂਦਾ ਹੈ . . . [ਪਰ ਫਿਰ,] ਅਚਾਣਕ ਹਨੇਰਾ ਅਲੋਪ ਹੋ ਜਾਂਦਾ ਹੈ। ਪਰਮੇਸ਼ੁਰ ਆਪ ਹੀ ਕੈਦਖਾਨੇ ਦੇ ਬੂਹੇ ਖੋਲ੍ਹਦਾ ਹੈ ਅਤੇ ਪਰਕਾਸ਼ ਨੂੰ ਅੰਦਰ ਆਉਣ ਦਿੰਦਾ ਹੈ।"[45] ਕਿਉਂ ਜੋ ਅਸੀਂ ਸਾਰੇ ਹੀ ਅਣਆਗਿਆਕਾਰੀ ਰਹੇ ਹਾਂ, ਇਸ ਕਰਕੇ ਸਾਨੂੰ ਸਾਰਿਆਂ ਨੂੰ ਬਚਾਏ ਜਾਣ ਦਾ ਤਰੀਕਾ ਵੀ ਇੱਕੋ ਹੈ, ਪਰਮੇਸ਼ੁਰ ਦੀ ਦਯਾ ਜਾਂ ਕਿਰਪਾ।

ਕੁਝ ਲੋਕਾਂ ਨੇ ਆਇਤ 32 ਦੀ ਵਰਤੋਂ ਸਾਰੇ ਸੰਸਾਰ ਦੀ ਮੁਕਤੀ ਦੀ ਸਿੱਖਿਆ ਦੇਣ ਲਈ ਕੀਤੀ ਹੈ। ਉਹ ਆਖਦੇ ਹਨ, "ਇਹ ਸੱਚ ਹੈ ਕਿ ਸਭਨਾਂ ਨੇ ਅਣਆਗਿਆਕਾਰੀ ਕੀਤੀ ਹੈ, ਪਰ ਇਹ ਆਇਤਾਂ ਸਿਖਾਉਂਦੀਆਂ ਹਨ ਕਿ ਅਖੀਰ ਵਿੱਚ ਪਰਮੇਸ਼ੁਰ ਸਭਨਾਂ ਉੱਤੇ ਦਯਾ ਕਰੇਗਾ।" ਇਸ ਗਲਤ ਸਿੱਖਿਆ ਦੇ ਬਾਰੇ ਸਟੌਟ ਨੇ ਲਿਖਿਆ,

> ਇਸ ਆਇਤ ਦੇ ਅਧਾਰ 'ਤੇ ਕੁਝ ਲੋਕਾਂ ਨੇ ਸਾਰੇ ਸੰਸਾਰ ਨੂੰ ਬਚਾਉਣ ਦੇ ਸੁਫਨੇ ਵੇਖ ਲਏ ਹਨ। ਅਤੇ, ਜੇਕਰ ਇਸ ਆਇਤ ਨੂੰ ਰੋਮੀਆਂ ਦੇ ਇਸ ਦੇ ਸੰਦਰਭ ਵਿੱਚੋਂ ਕੱਢ ਦਿੱਤਾ ਜਾਵੇ ਤਾਂ ਇਸ ਦਾ ਅਰਥ ਇਹ ਨਿਕਲਦਾ ਜਾਪਦਾ ਹੈ ਕਿ ਅਖੀਰ ਵਿੱਚ ਸਾਰਾ ਸੰਸਾਰ ਬਚਾਇਆ ਜਾਵੇਗਾ। ਪਰ ਰੋਮੀਆਂ ਅਜਿਹੀ ਵਿਆਖਿਆ ਦੀ ਇਜਾਜ਼ਤ ਨਹੀਂ ਦੇਵੇਗੀ, ਕਿਉਂ ਜੋ ਇਸ ਪੱਤਰ ਵਿੱਚ ਪੌਲੁਸ ਨੇ ਲਿਖਿਆ ਹੈ ਕਿ ਇੱਕ ਦਿਨ ਆ ਰਿਹਾ ਹੈ 'ਜਦੋਂ ਪਰਮੇਸ਼ੁਰ ਦਾ ਕ੍ਰੋਧ ਅਤੇ ਸੱਚਾ ਨਿਆਉਂ ਪਰਗਟ ਹੋਵੇਗਾ' (2:5), ਜਿਸ ਦਿਨ ਕੁਝ ਲੋਕਾਂ ਨੂੰ 'ਗੁੱਸਾ ਅਤੇ ਕ੍ਰੋਧ,' 'ਬਿਪਤਾ ਅਤੇ ਕਸ਼ਟ' ਮਿਲੇਗਾ (2:8, 9)।[46]

ਆਇਤ 32 ਵਿੱਚ ਪੌਲੁਸ ਦਾ ਸੁਨੇਹਾ ਇਹ ਹੈ ਕਿ ਹਾਲਾਂਕਿ ਅਸੀਂ ਸਾਰਿਆਂ ਨੇ ਅਣਆਗਿਆਕਾਰੀ ਕੀਤੀ ਹੈ ਅਤੇ ਕੇਵਲ ਸਜ਼ਾ ਦੇ ਹੀ ਹੱਕਦਾਰ ਹਾਂ, ਫਿਰ ਵੀ ਪਰਮੇਸ਼ੁਰ ਸਾਡੇ ਉੱਤੇ ਦਯਾ ਕਰਨਾ ਚਾਹੁੰਦਾ ਹੈ। ਉਹ *ਸਭਨਾਂ* ਉੱਤੇ ਦਯਾ ਕਰਨਾ ਚਾਹੁੰਦਾ ਹੈ—ਭਾਵੇਂ ਉਹ ਯਹੂਦੀ ਹੋਣ ਭਾਵੇਂ ਗੈਰਯਹੂਦੀ, ਭਾਵੇਂ ਜਵਾਨ ਹੋਣ ਭਾਵੇਂ ਬਜ਼ੁਰਗ, ਭਾਵੇਂ ਪੁਰਸ਼ ਹੋਣ ਭਾਵੇਂ ਇਸਤਰੀਆਂ, ਭਾਵੇਂ ਧਨੀ ਹੋਣ ਭਾਵੇਂ ਨਿਰਧਨ, ਭਾਵੇਂ ਪੜ੍ਹੇ-ਲਿਖੇ ਹੋਣ ਭਾਵੇਂ ਅਨਪੜ੍ਹ, ਭਾਵੇਂ "ਚੰਗੇ" ਹੋਣ ਭਾਵੇਂ "ਮਾੜੇ" (ਜਿਵੇਂ ਕਿ ਸਾਰਾ ਸੰਸਾਰ ਚੰਗੇ-ਮਾੜੇ ਨੂੰ ਸਮਝਦਾ ਹੈ)। ਪਰਮੇਸ਼ੁਰ *ਸਾਡੇ* ਉੱਤੇ ਦਯਾ ਕਰਨਾ ਚਾਹੁੰਦਾ ਹੈ। ਇਸ ਦੇ ਲਈ ਪਰਮੇਸ਼ੁਰ ਦਾ ਧੰਨਵਾਦ ਹੋਵੇ!

## ਅਕਾਲ-ਉਸਤਤ: ਪਰਮੇਸ਼ੁਰ ਦੀ ਦਯਾ (11:33-36)

**33ਵਾਹ, ਪਰਮੇਸ਼ੁਰ ਦਾ ਧਨ ਅਤੇ ਬੁੱਧ ਅਤੇ ਗਿਆਨ ਕੇਡਾ ਡੂੰਘਾ ਹੈ! ਉਹ ਦੇ ਨਿਆਉਂ ਕੇਡੇ ਅਣ-ਲੱਭ ਹਨ ਅਤੇ ਉਹ ਦੇ ਰਾਹ ਕੇਡੇ ਬੇਖੋਜ ਹਨ!**

**34ਪ੍ਰਭੂ ਦੀ ਬੁੱਧੀ ਨੂੰ ਕਿਸ ਜਾਣਿਆ,**
**ਯਾ ਕੌਣ ਉਹ ਦਾ ਸਲਾਹੀ ਬਣਿਆ?**

**[35]ਅਥਵਾ ਕਿਸ ਉਹ ਨੂੰ ਪਹਿਲਾਂ ਕੁਝ ਦਿੱਤਾ,**
**ਜਿਹ ਦਾ ਉਹ ਨੂੰ ਮੁੜ ਬਦਲਾ ਦਿੱਤਾ ਜਾਵੇ?**
**[36]ਕਿਉਂ ਜੋ ਉਸ ਤੋਂ ਅਤੇ ਉਸ ਦੇ ਵਸੀਲੇ ਨਾਲ ਅਤੇ ਉਸੇ ਦੇ ਲਈ ਸਾਰੀਆਂ ਵਸਤਾਂ ਹੋਈਆਂ ਹਨ। ਉਸ ਦੀ ਵਡਿਆਈ ਜੁੱਗੋ ਜੁੱਗ ਹੋਵੇ। ਆਮੀਨ।**

ਜਦੋਂ ਪੌਲੁਸ ਨੇ ਇਸਰਾਏਲ ਨੂੰ ਬਚਾਉਣ ਦੀ ਪਰਮੇਸ਼ਰ ਦੀ ਯੋਜਨਾ ਬਾਰੇ ਅਤੇ ਸਭਨਾਂ ਉੱਤੇ ਦਯਾ ਕਰਨ ਦੀ ਉਸ ਦੀ ਇੱਛਾ ਬਾਰੇ ਸੋਚਿਆ ਤਾਂ ਅਚਾਣਕ ਉਹ ਉਸਤਤ ਕਰਨ ਲੱਗ ਪਿਆ। ਅਧਿਆਇ 9 ਤੋਂ ਅਧਿਆਇ 11 "ਯਹੂਦੀ ਸਮੱਸਿਆ" ਉੱਤੇ ਕੇਂਦ੍ਰਿਤ ਹਨ; ਪਰ ਜੇਕਰ ਡੂੰਘਿਆਈ ਵਿੱਚ ਵੇਖਿਆ ਜਾਵੇ ਤਾਂ ਇਹ ਹਿੱਸਾ ਇਸਰਾਏਲ ਬਾਰੇ ਨਹੀਂ, ਪਰ ਪਰਮੇਸ਼ਰ ਬਾਰੇ ਹੈ।[47] ਇਹ ਇਸ ਬਾਰੇ ਹੈ ਕਿ ਪਰਮੇਸ਼ਰ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ ਜਾਂ ਨਹੀਂ, ਪਰਮੇਸ਼ਰ ਨੇ ਆਪਣੀਆਂ ਪ੍ਰਤਿੱਗਿਆਵਾਂ ਪੂਰੀਆਂ ਕੀਤੀਆਂ ਹਨ ਜਾਂ ਨਹੀਂ (ਵੇਖੋ 9:6)। ਪਰਮੇਸ਼ਰ ਦੀ ਵਿਸ਼ਵਾਸਯੋਗਤਾ ਦੀ ਦ੍ਰਿੜ੍ਹਤਾ ਨੂੰ ਬਿਆਨ ਕਰਨ ਮਗਰੋਂ ਪੌਲੁਸ ਨੇ ਇਸ ਹਿੱਸੇ ਦਾ ਅੰਤ ਇਹ ਆਖਦਿਆਂ ਕੀਤਾ ਕਿ ਪਰਮੇਸ਼ਰ ਕਿੰਨਾ ਅਦਭੁਤ ਹੈ। ਰੋਮੀਆਂ 11:33-36 ਅਧਿਆਇ 11 ਦਾ, ਅਧਿਆਇ 9 ਤੋਂ 11 ਦਾ ਅਤੇ ਇੱਥੇ ਤੱਕ ਪੌਲੁਸ ਨੇ ਜੋ ਕੁਝ ਆਖਿਆ ਹੈ, ਉਸ ਦਾ ਬਿਲਕੁਤ ਢੁਕਵਾਂ ਅੰਤ ਹੈ।

ਆਇਤਾਂ 33 ਤੋਂ 36 ਤੱਕ ਨੂੰ ਉੱਚੀ ਅਵਾਜ਼ ਵਿੱਚ ਪੜ੍ਹਿਆ ਜਾਣਾ ਚਾਹੀਦਾ ਹੈ—ਉਹ ਵੀ ਕਈ ਵਾਰੀ। ਇਹ ਅਜਿਹੀਆਂ ਆਇਤਾਂ ਹਨ ਜਿੰਨਾ ਦਾ ਅਵਲੋਕਨ ਕਰਨ ਦੀ ਬਜਾਇ ਇਨ੍ਹਾਂ ਦਾ ਅਨੰਦ ਮਾਣਿਆ ਜਾਣਾ ਚਾਹੀਦਾ ਹੈ। ਪਰ ਫਿਰ ਵੀ ਪੌਲੁਸ ਦੁਆਰਾ ਵਰਤੇ ਗਏ ਸ਼ਬਦਾਂ ਨੂੰ ਗੌਰ ਨਾਲ ਵੇਖਣਾ ਲਾਭਕਾਰੀ ਹੋ ਸਕਦਾ ਹੈ। ਇਨ੍ਹਾਂ ਆਇਤਾਂ ਵਿੱਚ ਪੌਲੁਸ ਨੇ ਪਰਮੇਸ਼ਰ ਬਾਰੇ ਕਈ ਗੱਲਾਂ ਆਖੀਆਂ ਹਨ।

**ਆਇਤ 33.** ਅਧਿਆਇ 11 ਵਿੱਚ, ਪੌਲੁਸ ਨੇ ਆਪਣੇ ਪਾਠਕਾਂ ਨੂੰ ਪਰਮੇਸ਼ਰ ਦੇ ਮਨ ਅਤੇ ਤਰੀਕਿਆਂ ਦੀ ਇੱਕ ਝਲਕ ਦਿਖਾਈ: ਪਰਮੇਸ਼ਰ ਨੇ ਕਿਵੇਂ ਯਹੂਦੀ ਅਣਆਗਿਆਕਾਰੀ ਦੀ ਵਰਤੋਂ ਕਰਕੇ ਗੈਰਯਹੂਦੀਆਂ ਨੂੰ ਬਚਣ ਦਾ ਮੌਕਾ ਦਿੱਤਾ ਅਤੇ ਫਿਰ ਕਿਵੇਂ ਗੈਰਯਹੂਦੀ ਆਗਿਆਕਾਰੀ ਦੀ ਵਰਤੋਂ ਯਹੂਦੀ ਆਗਿਆਕਾਰੀ ਨੂੰ ਉਕਸਾਉਣ ਲਈ ਕੀਤੀ। ਰਸੂਲ ਪੌਲੁਸ ਆਪਣੀ ਅਕਾਲ-ਉਸਤਤ ਦਾ ਅਰੰਭ ਪਰਮੇਸ਼ਰ ਦੀ ਅਦਭੁਤ ਬੁੱਧ ਦੀ ਵਡਿਆਈ ਕਰਨ ਨਾਲ ਕਰਦਾ ਹੈ: **ਵਾਹ, ਪਰਮੇਸ਼ੁਰ ਦਾ ਧਨ ਅਤੇ ਬੁੱਧ ਅਤੇ ਗਿਆਨ ਕੇਡਾ ਡੂੰਘਾ ਹੈ!**[48] ਕੁਝ ਲੋਕਾਂ ਕੋਲ ਗਿਆਨ ਤਾਂ ਹੁੰਦਾ ਹੈ ਪਰ ਬੁੱਧ ਦੀ ਘਾਟ ਹੁੰਦੀ ਹੈ; ਹੋਰ ਲੋਕ ਬੁੱਧੀਮਾਨ ਹੁੰਦੇ ਹਨ ਪਰ ਗਿਆਨ ਪੱਖੋਂ ਮਾਰ ਖਾ ਜਾਂਦੇ ਹਨ। ਪਰਮੇਸ਼ਰ ਕੋਲ ਇਹ ਦੋਵੇਂ ਹਨ! ਆਇਤ 33 ਦੇ ਪਹਿਲੇ ਹਿੱਸੇ ਵਿੱਚ ਮੁੱਖ ਸ਼ਬਦ ਹੈ "ਡੂੰਘਾ" (βάθος, *ਬਾਥੋਸ*)। ਪਰਮੇਸ਼ਰ ਦੀ ਬੁੱਧ ਅਤੇ ਗਿਆਨ ਐਨਾ "ਡੂੰਘਾ" ਹੈ ਕਿ ਅਸੀਂ ਉਨ੍ਹਾਂ ਦੀ ਥਾਹ ਕਦੇ ਨਹੀਂ ਹਾਸਿਲ ਕਰ ਸਕਦੇ।

ਪੌਲੁਸ ਨੇ ਅੱਗੇ ਆਖਿਆ, **ਉਹ ਦੇ ਨਿਆਉਂ ਕੇਡੇ ਅਣ-ਲੱਭ ਹਨ ਅਤੇ ਉਹ ਦੇ ਰਾਹ ਕੇਡੇ ਬੇਖੋਜ ਹਨ!** JB ਬਾਈਬਲ ਵਿਚ ਹੈ, "ਉਸ ਦੇ ਮਕਸਦਾਂ ਦੀ ਡੂੰਘਿਆਈ ਤੱਕ ਪੁੱਜਣਾ ਅਤੇ ਉਸ ਦੇ ਤਰੀਕਿਆਂ ਨੂੰ ਸਮਝਣਾ ਅਸੰਭਵ ਹੈ!" ਇਹ ਭਾਸ਼ਾ ਯਸਾਯਾਹ 55:8, 9 ਦੀ ਯਾਦ ਦਿਵਾਉਂਦੀ ਹੈ: "'ਕਿਉਂ ਜੋ ਮੇਰੇ ਖਿਆਲ ਤੁਹਾਡੇ ਖਿਆਲ ਨਹੀਂ, ਨਾ ਤੁਹਾਡੇ ਰਾਹ ਮੇਰੇ ਰਾਹ ਹਨ, ਯਹੋਵਾਹ ਦਾ ਵਾਕ ਹੈ। ਜਿਵੇਂ ਅਕਾਸ਼ ਧਰਤੀ ਤੋਂ ਉੱਚੇ ਹਨ, ਤਿਵੇਂ ਮੇਰੇ ਰਾਹ ਤੁਹਾਡੇ ਰਾਹਾਂ ਤੋਂ, ਅਤੇ ਮੇਰੇ

ਖਿਆਲ ਤੁਹਾਡੇ ਖਿਆਲਾਂ ਤੋਂ ਉੱਚੇ ਹਨ।"

**ਆਇਤ 34.** ਪੌਲੁਸ ਨੇ ਆਪਣੇ ਵਾਕ ਨੂੰ ਵਧੀਆ ਬਣਾਉਣ ਲਈ ਪੁਰਾਣੇ ਨੇਮ ਦਾ ਇੱਕ ਕਥਨ ਬੋਲਿਆ, ਜਿਸ ਨੂੰ ਉਸ ਨੇ ਯਸਾਯਾਹ 40:13 (LXX) ਤੋਂ ਲਿਆ: **ਪ੍ਰਭੂ ਦੀ ਬੁੱਧੀ ਨੂੰ ਕਿਸ ਜਾਣਿਆ, ਯਾ ਕੌਣ ਉਹ ਦਾ ਸਲਾਹੀ ਬਣਿਆ?** "ਸਲਾਹੀ" ਯੂਨਾਨੀ ਸ਼ਬਦ σύμβουλος (*ਸੁਮਬੁਲੋਸ*) ਤੋਂ ਹੈ, ਜੋ βουλή (*ਬੁਲੇ*, "ਸਲਾਹ") ਅਤੇ σύν (*ਸੁਨ*, "ਇਕੱਠਿਆਂ, ਦੇ ਨਾਲ") ਨਾਲ ਮਿਲ ਕੇ ਬਣਿਆ ਇੱਕ ਸੰਯੁਕਤ ਸ਼ਬਦ ਹੈ। ਮੈੱਕਾਰਡ ਨੇ "ਸਲਾਹਕਾਰ" ਲਿਖਿਆ ਹੈ। ਪਰਮੇਸ਼ਰ ਨੂੰ ਕਦੋਂ ਕਿਸੇ ਕੋਲੋਂ ਸਲਾਹ ਲੈਣ ਦੀ ਲੋੜ ਪਈ? ਆਇਤ 34 ਦੇ ਦੋਹਾਂ ਪ੍ਰਸ਼ਨਾਂ ਦਾ ਉੱਤਰ ਇੱਕੋ ਹੈ, "ਕੋਈ ਨਹੀਂ!"

ਦਰਅਸਲ ਪੌਲੁਸ ਨੇ ਆਖਿਆ ਕਿ ਪਰਮੇਸ਼ਰ ਨੂੰ ਜਾਣਨ ਬਾਰੇ ਪਹਿਲਾ ਤੱਥ ਇਹ ਹੈ ਕਿ ਅਸੀਂ ਪਰਮੇਸ਼ਰ ਬਾਰੇ ਸਭਕੁਝ ਨਹੀਂ ਜਾਣ ਸਕਦੇ। ਜਿਵੇਂ ਇੱਕ ਪਿਆਲੇ ਵਿੱਚ ਸਾਰਾ ਸਾਗਰ ਨਹੀਂ ਸਮਾ ਸਕਦਾ ਉਸੇ ਤਰ੍ਹਾਂ ਸਾਡੇ ਸੀਮਿਤ ਮਨ ਇਸ ਲਾਇਕ ਨਹੀਂ ਹਨ ਕਿ ਪਰਮੇਸ਼ਰ ਦੇ ਅਸੀਮ ਗਿਆਨ ਅਤੇ ਬੁੱਧ ਨੂੰ ਸਮਾ ਸਕਣ। ਇਹ ਸੱਚਾਈ ਸੁਣ ਕੇ ਉਨ੍ਹਾਂ ਲੋਕਾਂ ਨੂੰ ਹਲੀਮ ਹੋ ਜਾਣਾ ਚਾਹੀਦਾ ਹੈ ਜੋ ਪਰਮੇਸ਼ਰ ਦੇ ਬਣਾਏ ਸੰਸਾਰ ਨੂੰ ਸਮਝਣ ਦਾ ਜਤਨ ਕਰ ਰਹੇ ਹਨ। ਇਸ ਸੱਚਾਈ ਨਾਲ ਸਾਨੂੰ ਵੀ ਹਲੀਮ ਹੋ ਜਾਣਾ ਚਾਹੀਦਾ ਹੈ ਜੋ ਉਸ ਦੇ ਦਿੱਤੇ ਹੋਏ ਵਚਨ ਨੂੰ ਸਮਝਣ ਦਾ ਜਤਨ ਕਰਦੇ ਰਹਿੰਦੇ ਹਾਂ। ਅਸੀਂ ਜਿੰਨਾ ਜ਼ਿਆਦਾ ਜਾਣਦੇ ਜਾਂਦੇ ਹਾਂ, ਓਨਾ ਹੀ ਜ਼ਿਆਦਾ ਅਸੀਂ ਇਹ ਸਮਝਦੇ ਜਾਂਦੇ ਹਾਂ ਕਿ ਅਸੀਂ ਕਿੰਨਾ ਘੱਟ ਜਾਣਦੇ ਹਾਂ। ਕਿਸੇ ਨੇ ਇਸ ਤਰ੍ਹਾਂ ਆਖਿਆ, "ਗਿਆਨ ਦਾ ਟਾਪੂ ਜਿੰਨਾ ਵੱਡਾ ਹੁੰਦਾ ਜਾਂਦਾ ਹੈ, ਅਗਿਆਨਤਾ ਦੇ ਕਿਨਾਰੇ ਵੀ ਓਨੇ ਹੀ ਫੈਲਦੇ ਜਾਂਦੇ ਹਨ।"

ਮੋਰਿਸ ਨੇ ਵੇਖਿਆ ਕਿ ਪੌਲੁਸ ਦੀ ਉਸਤਤ "ਉਸ ਦੇ ਕਾਰਨ ਨਿਕਲੀ ਜੋ ਅਸੀਂ ਪਰਮੇਸ਼ਰ ਦੇ ਬਾਰੇ *ਨਹੀਂ* ਜਾਣਦੇ . . . ਉਸ ਦੇ ਕਾਰਨ ਨਹੀਂ ਜੋ ਅਸੀਂ ਪਰਮੇਸ਼ਰ ਦੇ ਬਾਰੇ ਜਾਣਦੇ *ਹਾਂ।*"[49] ਪੌਲੁਸ ਕੋਲ ਸਾਰੇ ਉੱਤਰ ਨਹੀਂ ਸਨ। ਉਸ ਦੀਆਂ "ਵਿਆਖਿਆਵਾਂ" ਨੇ ਓਨੇ ਹੀ ਪ੍ਰਸ਼ਨ ਚੁੱਕੇ ਹਨ ਜਿੰਨੇ ਉਨ੍ਹਾਂ ਨੇ ਜਵਾਬ ਦਿੱਤੇ ਹਨ। ਸਿੱਟਾ ਇਹ ਹੈ ਕਿ ਜੀਵਨ ਦੇ ਸਭਨਾਂ ਪ੍ਰਸ਼ਨਾਂ ਦਾ ਇੱਕਮਾਤਰ ਤੱਸਲੀਬਖਸ਼ "ਉੱਤਰ" ਇਹ ਹੈ ਕਿ ਸਰਬਉੱਚ ਬੁੱਧੀਮਾਨ, ਸਰਬ-ਗਿਆਨੀ, ਦਿਆਲੂ ਪਰਮੇਸ਼ਰ ਉੱਤੇ ਭਰੋਸਾ ਰੱਖਿਆ ਜਾਵੇ।

**ਆਇਤ 35.** ਪਰਮੇਸ਼ਰ ਦੇ ਬਾਰੇ ਅਸੀਂ ਜਿਹੜਾ ਦੂਜਾ ਤੱਥ ਜਾਣ ਸਕਦੇ ਹਾਂ, ਉਹ ਇਹ ਹੈ ਕਿ ਅਸੀਂ ਪਰਮੇਸ਼ਰ ਉੱਤੇ ਕਿਸੇ ਵੀ ਤਰ੍ਹਾਂ ਦਾ ਕਰਜ਼ਾ ਨਹੀਂ ਚੜ੍ਹਾ ਸਕਦੇ। ਇਸ ਆਇਤ ਵਿੱਚ ਪੌਲੁਸ ਨੇ ਅੱਯੂਬ 41:11 ਦਾ ਭਾਵ ਦਿੱਤਾ: **ਕਿਸ ਉਹ ਨੂੰ ਪਹਿਲਾਂ ਕੁਝ ਦਿੱਤਾ, ਜਿਹ ਦਾ ਉਹ ਨੂੰ ਮੁੜ ਬਦਲਾ ਦਿੱਤਾ ਜਾਵੇ?** ਫਿਰ, ਸਪੱਸ਼ਟ ਉੱਤਰ ਹੈ "ਕਿਸੇ ਨੇ ਨਹੀਂ।" ਅਸੀਂ ਪਰਮੇਸ਼ਰ ਨੂੰ ਕੁਝ ਵੀ ਨਹੀਂ ਦੇ ਸਕਦੇ ਕਿਉਂਕਿ ਸਾਡੇ ਕੋਲ ਜੋ ਕੁਝ ਹੈ ਉਹ ਪਰਮੇਸ਼ਰ ਕੋਲੋਂ ਹੀ ਆਇਆ ਹੈ ਅਤੇ ਅਜੇ ਵੀ ਉਸੇ ਦਾ ਹੈ; ਅਸੀਂ ਤਾਂ ਕੇਵਲ ਪ੍ਰਬੰਧਕ ਹਾਂ। ਜਦੋਂ ਰਾਜਾ ਦਾਊਦ ਨੇ ਹੈਕਲ ਦੀ ਉਸਾਰੀ ਦੇ ਲਈ ਭੇਂਟ ਦਿੱਤੀ, ਉਸ ਨੇ ਪਰਮੇਸ਼ਰ ਅੱਗੇ ਪ੍ਰਾਰਥਨਾ ਕੀਤੀ, "ਪਰ ਮੈਂ ਕੌਣ, ਅਰ ਮੇਰੀ ਪਰਜਾ ਕੌਣ, ਜੋ ਅਸੀਂ ਇਸ ਪ੍ਰਕਾਰ ਮਨ ਦੇ ਪ੍ਰੇਮ ਨਾਲ ਭੇਟਾਂ ਚੜ੍ਹਾਉਣ ਦੀ ਸ਼ਕਤੀ ਰੱਖੀਏ? ਕਿਉਂ ਜੋ ਸਾਰੀਆਂ ਵਸਤਾਂ ਤੇਰੀ ਵੱਲੋਂ ਆਉਂਦੀਆਂ ਹਨ ਅਰ ਤੇਰੇ ਹੱਥ ਦੀ ਦਾਤ ਤੋਂ ਅਸਾਂ ਤੈਨੂੰ ਦਿੱਤਾ ਹੈ" (1 ਇਤਹਾਸ 29:14)।

ਜਿਵੇਂ ਅਸੀਂ ਭੌਤਿਕ ਵਸਤਾਂ ਦੇ ਸੰਬੰਧ ਵਿੱਚ ਪਰਮੇਸ਼ਰ ਨੂੰ ਕਰਜ਼ਦਾਰ ਨਹੀਂ ਬਣਾ ਸਕਦੇ, ਉਵੇਂ ਹੀ ਇਹ ਆਤਮਕ ਵਸਤਾਂ ਦੇ ਸੰਬੰਧ ਵਿੱਚ ਦੁੱਗਣਾ ਸੱਚ ਹੈ। ਸਾਡੀ ਮੁਕਤੀ ਦੇ ਸੰਬੰਧ ਵਿੱਚ ਪਰਮੇਸ਼ਰ ਦੇ ਹੁਕਮਾਂ ਦੀ ਪਾਲਣਾ ਕਰਨਾ ਬਹੁਤ ਮਹੱਤਵਪੂਰਣ ਹੈ—ਸਗੋਂ ਮੁੱਢਲਾ ਹੈ। ਫਿਰ ਵੀ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਾਡੀ ਆਗਿਆਕਾਰੀ ਪਰਮੇਸ਼ਰ ਨੂੰ ਸਾਡਾ ਕਰਜ਼ਦਾਰ ਨਹੀਂ ਬਣਾਉਂਦੀ। ਜੇਕਰ ਅਸੀਂ ਕਿਰਪਾ ਰਾਹੀਂ ਨਹੀਂ ਬਚਾਏ ਗਏ, ਤਾਂ ਅਸੀਂ ਅਜੇ ਬਚੇ ਹੀ ਨਹੀਂ ਹਾਂ।

**ਆਇਤ 36.** ਅਖੀਰ ਵਿੱਚ, ਅਸੀਂ ਜਾਣ ਸਕਦੇ ਹਾਂ ਕਿ ਸਾਡਾ ਪਰਮੇਸ਼ਰ ਐਨਾ ਅਦਭੁਤ ਹੈ ਕਿ ਉਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਪੌਲੁਸ ਨੇ ਆਖਿਆ, **ਕਿਉਂ ਜੋ ਉਸ ਤੋਂ ਅਤੇ ਉਸ ਦੇ ਵਸੀਲੇ ਨਾਲ ਅਤੇ ਉਸੇ ਦੇ ਲਈ ਸਾਰੀਆਂ ਵਸਤਾਂ ਹੋਈਆਂ ਹਨ।** ਭੌਤਿਕ ਸਰਿਸ਼ਟ ਦੇ ਸੰਬੰਧ ਵਿੱਚ ਇਹ ਸੱਚ ਹੈ। Goodspeed ਦਾ ਅਨੁਵਾਦ ਇਸ ਤਰ੍ਹਾਂ ਆਖਦਾ ਹੈ, "ਸਭਕੁਝ ਉਸੇ ਤੋਂ ਆਉਂਦਾ ਹੈ; ਸਭਕੁਝ ਉਸੇ ਦੇ ਵਸੀਲੇ ਹੋਂਦ ਵਿੱਚ ਰਹਿੰਦਾ ਹੈ; ਅਤੇ ਸਭਕੁਝ ਉਸੇ ਵਿੱਚ ਮੁੱਕਦਾ ਹੈ।" ਮੋਰਿਸ ਨੇ ਲਿਖਿਆ ਕਿ ਪਰਮੇਸ਼ਰ "ਸਾਰੀ ਸਰਿਸ਼ਟ ਦਾ ਸਿਰਜਣਹਾਰ, ਪਾਲਣਹਾਰ ਅਤੇ ਟੀਚਾ ਹੈ।"[50] ਪਰ ਇਨ੍ਹਾਂ ਸ਼ਬਦਾਂ ਨੂੰ ਕੇਵਲ ਭੌਤਿਕ ਵਸਤਾਂ ਤੱਕ ਹੀ ਸੀਮਤ ਨਹੀਂ ਰੱਖਿਆ ਜਾ ਸਕਦਾ; ਇਹ ਸੰਦਰਭ ਆਤਮਕ ਵਸਤਾਂ ਦੀ ਗੱਲ ਕਰਦਾ ਹੈ। ਸਾਡਾ ਛੁਟਕਾਰਾ ਵੀ "ਉਸ ਦੇ ਵੱਲੋਂ ਅਤੇ ਉਸ ਦੇ ਰਾਹੀਂ ਅਤੇ ਉਸ ਦੇ ਲਈ" ਹੋਇਆ ਹੈ। ਸਾਡੀ ਮੁਕਤੀ ਦਾ ਸੋਮਾ, ਬਲ ਅਤੇ ਮਕਸਦ ਉਹੀ ਹੈ।

ਇਨ੍ਹਾਂ ਸਭਨਾਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ, ਪੌਲੁਸ ਇਸ ਸਿੱਟੇ 'ਤੇ ਪੁੱਜਾ, **ਉਸ ਦੀ ਵਡਿਆਈ ਜੁੱਗੋ ਜੁੱਗ ਹੋਵੇ।** ਜਿਹੜੀ ਵਡਿਆਈ ਪਰਮੇਸ਼ਰ ਨੂੰ ਮਿਲਣੀ ਚਾਹੀਦੀ ਹੈ, ਉਹ ਅਸੀਂ ਕਦੇ ਕਿਸੇ ਨੂੰ ਨਾ ਦੇਈਏ। "ਯਹੋਵਾਹ ਮੇਰਾ ਬਲ ਅਤੇ ਮੇਰਾ ਭਜਨ ਹੈ, ਉਹ ਮੇਰਾ ਛੁਟਕਾਰਾ ਹੋਇਆ ਹੈ, ਉਹ ਮੇਰਾ ਪਰਮੇਸੁਰ ਹੈ ਤੇ ਮੈਂ ਉਸ ਦੀ ਸੋਭਾ ਕਰਾਂਗਾ" (ਕੂਚ 15:2)। **ਆਮੀਨ**!

ਸੋ ਇੱਥੇ ਰੋਮੀਆਂ ਦਾ ਇਹ ਔਖਾ ਹਿੱਸਾ (ਅਧਿਆਇ 9 ਤੋਂ 11 ਤੱਕ) ਸਮਾਪਤ ਹੁੰਦਾ ਹੈ। ਪੌਲੁਸ ਨੇ ਇਨ੍ਹਾਂ ਉਲਝਣ ਭਰਿਆਂ ਪ੍ਰਸ਼ਨਾਂ ਦੇ ਸੌਖੇ ਉੱਤਰ ਨਹੀਂ ਦਿੱਤੇ, ਪਰ ਨਾ ਹੀ ਉਸ ਨੇ ਇਹ ਦਰਸ਼ਾਇਆ ਕਿ ਇਹ ਪ੍ਰਸ਼ਨ ਮਹੱਤਵਪੂਰਣ ਨਹੀਂ ਹਨ। ਸਗੋਂ ਉਸ ਨੇ ਸਾਨੂੰ ਕੁਝ ਗੱਲਾਂ ਸਮਝਾਈਆਂ ਅਤੇ ਆਖਿਆ, "*ਪਰਮੇਸ਼ਰ* ਦੇ ਕੋਲ ਸਾਰੇ ਉੱਤਰ ਹਨ। *ਉਸ* ਉੱਤੇ ਭਰੋਸਾ ਰੱਖੋ।" ਇਹ ਹਿੱਸਾ ਇੱਕ ਭਰੋਸੇ ਦੇ ਉਤਸ਼ਾਹ ਦੇ ਨਾਲ ਸਮਾਪਤ ਹੁੰਦਾ ਹੈ।

# ਪ੍ਰਾਸੰਗਿਕਤਾ

## ਪੌਲੁਸ ਵੱਲੋਂ ਪੁਰਾਣੇ ਨੇਮ ਦੀ ਵਰਤੋਂ (ਅਧਿਆਇ 9–11)

ਪੌਲੁਸ ਨੇ ਰੋਮੀਆਂ ਦੇ ਆਪਣੇ ਪੱਤਰ ਵਿੱਚ ਅਕਸਰ ਪੁਰਾਣੇ ਨੇਮ ਦੀਆਂ ਆਇਤਾਂ ਦੀ ਵਰਤੋਂ ਕੀਤੀ, ਪਰ "ਯਹੂਦੀ ਸਮੱਸਿਆ" ਵਾਲੇ ਹਿੱਸੇ (ਅਧਿਆਇ 9 ਤੋਂ 11) ਵਿੱਚ ਇਹ ਸਭ ਤੋਂ ਵਧ ਵੇਖਣ ਨੂੰ ਮਿਲਦਾ ਹੈ। ਇਹ ਹਮੇਸ਼ਾ ਸਪੱਸ਼ਟ ਨਹੀਂ ਹੁੰਦਾ ਕਿ ਪੌਲੁਸ ਪੁਰਾਣੇ ਨੇਮ ਦੀ ਕਿਸੇ ਆਇਤ ਦੀ ਵਰਤੋਂ ਕਰ ਰਿਹਾ ਹੈ ਜਾਂ ਪੁਰਾਣੇ ਨੇਮ ਦੀਆਂ ਆਇਤਾਂ ਨਾਲ ਮਿਲਦੀ ਜੁਲਦੀ ਭਾਸ਼ਾ ਦੀ ਵਰਤੋਂ ਕਰ ਰਿਹਾ ਹੈ। ਇਸ ਕਰਕੇ ਅਸੀਂ ਸਟੀਕ ਤੌਰ 'ਤੇ ਇਹ ਨਹੀਂ ਆਖ ਸਕਦੇ ਕਿ ਰੋਮੀਆਂ ਦੇ ਇਸ

ਹਿੱਸੇ ਵਿੱਚ ਪੌਲੁਸ ਨੇ ਪੁਰਾਣੇ ਨੇਮ ਦੀਆਂ ਕਿੰਨੀਆਂ ਆਇਤਾਂ ਦੀ ਵਰਤੋਂ ਕੀਤੀ ਹੈ। ਅੰਦਾਜ਼ਾ ਇਹ ਲਗਾਇਆ ਜਾਂਦਾ ਹੈ ਕਿ ਉਸ ਨੇ ਵੀਹ[51] ਤੋਂ ਤੀਹ[52] ਆਇਤਾਂ ਦੀ ਵਰਤੋਂ ਕੀਤੀ—ਪਰ ਸਾਰੇ ਟਿੱਪਣੀਕਾਰ ਸਹਿਮਤ ਹੁੰਦੇ ਹਨ ਕਿ ਇਨ੍ਹਾਂ ਤਿੰਨ ਅਧਿਆਇਆਂ ਵਿੱਚ ਪੌਲੁਸ ਨੇ ਪੁਰਾਣੇ ਨੇਮ ਦੀ ਭਰਪੂਰ ਵਰਤੋਂ ਕੀਤੀ।

ਪੁਰਾਣੇ ਨੇਮ ਦੀਆਂ ਵਰਤੀਆਂ ਗਈਆਂ ਆਇਤਾਂ ਨੂੰ ਜਾਂਚਣ ’ਤੇ ਪਤਾ ਲੱਗਦਾ ਹੈ ਕਿ ਕਦੇ-ਕਦੇ ਪੌਲੁਸ ਨੇ ਕੁਝ ਆਇਤਾਂ ਨੂੰ ਲਗਭਗ ਪੂਰੀ ਤਰ੍ਹਾਂ ਕਾਪੀ ਕੀਤਾ (ਆਮਤੌਰ ’ਤੇ LXX ਤੋਂ)। ਕਦੇ-ਕਦੇ ਉਸ ਨੇ ਕੁਝ ਆਇਤਾਂ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕੀਤਾ। ਕਿਤੇ-ਕਿਤੇ ਉਸ ਨੇ ਕੁਝ ਆਇਤਾਂ ਨੂੰ ਮਿਲਾ ਕੇ ਲਿਖਿਆ। ਨਾਲ ਹੀ, ਅਕਸਰ ਉਸ ਨੇ ਪੁਰਾਣੇ ਨੇਮ ਦੀਆਂ ਕੁਝ ਆਇਤਾਂ ਦੀ ਵਿਆਖਿਆ ਉਨ੍ਹਾਂ ਦੇ ਅਸਲ ਅਰਥ ਤੋਂ ਥੋੜ੍ਹਾ ਹੱਟ ਕੇ ਕੀਤੀ।

ਇਸ ਹਿੱਸੇ ਵਿੱਚ ਪੌਲੁਸ ਦੁਆਰਾ ਪੁਰਾਣੇ ਨੇਮ ਦੀ ਵਰਤੋਂ ਦੇ ਸੰਬੰਧ ਵਿੱਚ ਤਿੰਨ ਵਿਚਾਰ ਹੇਠ ਲਿਖੇ ਗਏ ਹਨ:

1. ਪੌਲੁਸ ਦਾ ਮੁੱਢਲਾ ਮਕਸਦ ਯਹੂਦੀਆਂ ਨੂੰ ਇਹ ਸਮਝਾਉਣਾ ਸੀ ਕਿ ਪਰਮੇਸ਼ਰ ਉਨ੍ਹਾਂ ਦੇ ਨਾਲ ਕੀਤੀਆਂ ਗਈਆਂ ਪ੍ਰਤਿੱਗਿਆਵਾਂ ਤੋਂ ਮੁੱਕਰਿਆ ਨਹੀਂ ਹੈ। ਇਸ ਕਰਕੇ ਉਹ ਉਸ ਅਧਿਕਾਰ ਦਾ ਸਹਾਰਾ ਲੈ ਰਿਹਾ ਸੀ ਜਿਸ ਦਾ ਉਹ ਆਦਰ ਕਰਦੇ ਸਨ—ਪੁਰਾਣੇ ਨੇਮ ਦਾ—ਅਤੇ ਅਜਿਹੇ ਤਰਕ ਦੇ ਰਿਹਾ ਸੀ ਜਿਨ੍ਹਾਂ ਤੋਂ ਉਹ ਜਾਣੂ ਸਨ। ਰਿਚਰਡ ਏ. ਬੇਟਈ ਨੇ ਲਿਖਿਆ ਕਿ “ਪੌਲੁਸ ਦੁਆਰਾ ਪੁਰਾਣੇ ਨੇਮ ਦੀ ਵਰਤੋਂ ਉਵੇਂ ਹੀ ਸੀ ਜਿਵੇਂ ਉਸ ਦੇ ਸਮੇਂ ਦੇ ਦੌਰਾਨ ਸ਼ਾਸਤਰੀ ਵਿਆਖਿਆ ਲਈ ਕਰਿਆ ਕਰਦੇ ਸਨ। ਉਸ ਦੇ ਤਰਕਾਂ ਅਤੇ ਪੁਰਾਣੇ ਨੇਮ ਦੀ ਵਰਤੋਂ ਵਿੱਚ ਅਜਿਹਾ ਪ੍ਰਭਾਵ ਸੀ ਕਿ ਉਸ ਦੇ ਪਹਿਲੀ ਸਦੀ ਦੇ ਜ਼ਿਆਦਾਤਰ ਯਹੂਦੀ ਪਾਠਕ ਲਾਜਵਾਬ ਹੋ ਗਏ ਹੋਣਗੇ।”[53]

2. ਪੌਲੁਸ ਦੁਆਰਾ ਕੀਤੀ ਗਈ ਪੁਰਾਣੇ ਨੇਮ ਦੀ ਵਰਤੋਂ ਉਸ ਵਰਤੋਂ ਤੋਂ ਜ਼ਿਆਦਾ ਵੱਖਰੀ ਨਹੀਂ ਹੈ, ਜਿਵੇਂ ਅੱਜ ਅਸੀਂ ਕਰਦੇ ਹਾਂ। ਅਸੀਂ ਆਇਤਾਂ ਦੇ ਕੁਝ ਹਿੱਸਿਆਂ ਨੂੰ ਲੈਂਦੇ ਹਾਂ। ਅਸੀਂ ਉਨ੍ਹਾਂ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਾਂ ਕਿ ਅੱਜ ਦੀਆਂ ਸਮੱਸਿਆਵਾਂ ਨੂੰ ਉਸ ਵਿੱਚ ਸ਼ਾਮਲ ਕੀਤਾ ਜਾ ਸਕੇ (“ਜੇ ਕਿਸੇ ਘਰ ਵਿੱਚ ਫੁੱਟ ਪੈ ਜਾਵੇ ਤਾਂ ਉਹ ਘਰ ਠਹਿਰ ਨਾ ਸੱਕੇਗਾ”; ਵੇਖੋ ਮਰਕੁਸ 3:25)। ਅਸੀਂ ਵਚਨ ਦੇ ਕੁਝ ਭਾਵਾਂ ਨੂੰ ਲੈ ਕੇ ਮੁਹਾਵਰਿਆਂ ਵਾਂਗ ਵੀ ਇਸਤੇਮਾਲ ਕਰਦੇ ਹਾਂ, ਜਿਵੇਂ ਕਿ “ਅੱਖ ਦੀ ਕਾਕੀ” (ਵੇਖੋ ਜ਼ਬੂਰਾਂ 17:8) ਅਤੇ “ਕੱਪੜੇ ਦਾ ਪੱਲਾ” (ਵੇਖੋ ਮੱਤੀ 9:20; KJV)।

3. ਪੌਲੁਸ ਪਰਮੇਸ਼ਰ ਵੱਲੋਂ ਪ੍ਰੇਰਿਤ ਸੀ। ਪਵਿੱਤਰ ਆਤਮਾ ਦੇ ਰਾਹੀਂ ਉਹ ਜਾਣਦਾ ਸੀ ਕਿ ਪੁਰਾਣੇ ਨੇਮ ਦੀਆਂ ਆਇਤਾਂ ਦੀ ਵਰਤੋਂ ਢੁਕਵੇਂ ਤਰੀਕੇ ਨਾਲ ਕੀਤੀ ਜੀ ਸਕਦੀ ਹੈ। ਕਿਉਂਕਿ ਅਸੀਂ ਪ੍ਰੇਰਿਤ ਨਹੀਂ ਹਾਂ, ਇਸ ਕਰਕੇ ਸਾਨੂੰ ਪੁਰਾਣੇ ਨੇਮ ਦੀਆਂ ਆਇਤਾਂ ਦੀ ਵਰਤੋਂ ਕਰਦਿਆਂ ਸਾਵਧਾਨ ਰਹਿਣ ਦੀ ਲੋੜ ਹੈ।

### ਕਦੇ ਹਾਰ ਨਾ ਮੰਨੋ! (ਅਧਿਆਇ 11)

ਯਹੂਦੀ ਕੌਮ ਨੇ ਯਿਸੂ ਨੂੰ ਠੁਕਰਾ ਦਿੱਤਾ ਅਤੇ ਇਸ ਤਰ੍ਹਾਂ ਪਰਮੇਸ਼ਰ ਨੂੰ ਵੀ ਠੁਕਰਾ ਦਿੱਤਾ। ਨਤੀਜੇ ਵਜੋਂ ਪਰਮੇਸ਼ਰ ਨੇ ਵੀ ਉਨ੍ਹਾਂ ਨੂੰ ਠੁਕਰਾ ਦਿੱਤਾ। ਕੀ ਇਸ ਦਾ ਅਰਥ ਹੈ ਕਿ ਪਰਮੇਸ਼ਰ ਨੇ ਉਨ੍ਹਾਂ ਬਾਰੇ ਹਾਰ ਮੰਨ ਲਈ ਸੀ? ਬਿਲਕੁਲ ਨਹੀਂ। ਪਰਮੇਸ਼ਰ ਵੱਲੋਂ ਪੌਲੁਸ ਅਤੇ ਹੋਰ ਯਹੂਦੀਆਂ (11:1-10) ਨੂੰ ਸਵੀਕਾਰ ਕਰ ਲਏ ਜਾਣ ਤੋਂ ਪਤਾ ਚੱਲਦਾ ਹੈ ਕਿ ਉਹ ਉਨ੍ਹਾਂ ਸਭਨਾਂ ਯਹੂਦੀਆਂ

ਨੂੰ ਸਵੀਕਰ ਕਰ ਲੈਣਾ ਚਾਹੁੰਦਾ ਹੈ, ਜੋ ਤੋਬਾ ਕਰਕੇ ਯਿਸੂ ’ਤੇ ਵਿਸ਼ਵਾਸ ਕਰਨਗੇ। ਇਸ ਤੋਂ ਇਲਾਵਾ, ਇਸ ਦੇ ਸਬੂਤ ਵਜੋਂ, ਕਿ ਪਰਮੇਸ਼ਰ ਅਜੇ ਵੀ ਯਹੂਦੀਆਂ ਬਾਰੇ ਚਿੰਤਾ ਕਰਦਾ ਹੈ, ਉਹ ਗੈਰਯਹੂਦੀਆਂ ਨੂੰ ਸਵੀਕਾਰ ਕਰ ਲਏ ਜਾਣ ਦੀ ਵਰਤੋਂ ਕਰਕੇ ਯਹੂਦੀਆਂ ਨੂੰ ਆਪਣੇ ਕੋਲ ਮੁੜ ਆਉਣ ਲਈ ਉਕਸਾ ਰਿਹਾ ਹੈ।

ਸਾਡੇ ਲਈ ਇਹ ਜਾਣਨਾ ਮਹੱਤਵਪੂਰਣ ਹੈ ਕਿ ਪਰਮੇਸ਼ਰ ਪਾਪੀਆਂ ਨੂੰ ਲੈ ਕੇ ਹਾਰ ਨਹੀਂ ਮੰਨਦਾ। ਰੋਮੀਆਂ 1 ਸਿਖਾਉਂਦਾ ਹੈ ਕਿ ਪਰਮੇਸ਼ਰ ਕਦੇ-ਕਦੇ ਪਾਪੀਆਂ ਨੂੰ ਉਨ੍ਹਾਂ ਦੇ ਪਾਪ *ਦੇ ਵੱਸ*ਕਰ ਦਿੰਦਾ ਹੈ, ਉਨ੍ਹਾਂ ਦੀ ਅਣਆਗਿਆਕਾਰੀ ਵਿੱਚ ਡਿੱਗਿਆ ਰਹਿਣ ਦਿੰਦਾ ਹੈ ਅਤੇ ਉਸ ਦੇ ਨਤੀਜੇ ਭੁਗਤਣ ਦਿੰਦਾ ਹੈ। ਪਰ ਇਸ ਸਭ ਦੇ ਵਿੱਚ ਪਰਮੇਸ਼ਰ ਦਾ ਮਕਸਦ ਇਹ ਹੈ ਕਿ ਉਹ ਚਾਹੁੰਦਾ ਹੈ ਭਈ ਪਾਪੀ ਆਪਣੇ ਪਾਪ ਨੂੰ ਸਿਆਣ ਲੈਣ, ਇਸ ਤੋਂ ਪਹਿਲਾਂ ਕਿ ਉਨ੍ਹਾਂ ਦੇ ਲਈ ਬਹੁਤ ਦੇਰ ਹੋ ਜਾਵੇ। ਸੰਭਵ ਹੈ ਕਿ ਪਰਮੇਸ਼ਰ ਪਾਪੀਆਂ ਨੂੰ ਉਨ੍ਹਾਂ ਦੇ ਪਾਪ “ਦੇ ਵੱਸ” ਕਰ ਦੇਵੇ, ਪਰ ਉਨ੍ਹਾਂ ਨੂੰ ਲੈ ਕੇ ਉਹ ਕਦੇ ਹਾਰ ਨਹੀਂ ਮੰਨਦਾ। ਜਦ ਤੱਕ ਉਨ੍ਹਾਂ ਦੇ ਸਾਹ ਚੱਲਦੇ ਰਹਿੰਦੇ ਹਨ, ਪਰਮੇਸ਼ਰ ਉਨ੍ਹਾਂ ਦੀ ਵਾਪਸੀ ਦੀ ਉਮੀਦ ਕਰਦਾ ਰਹਿੰਦਾ ਹੈ ਅਤੇ ਉਨ੍ਹਾਂ ਨੂੰ ਕਬੂਲ ਕਰਨ ਲਈ ਹਮੇਸ਼ਾ ਤਾਂਘ ਵਿੱਚ ਰਹਿੰਦਾ ਹੈ (ਵੇਖੋ ਲੂਕਾ 15:20-24)।[54]

ਇਹ ਕਿੰਨੀ ਉਤਸ਼ਾਹਜਨਕ ਸੱਚਾਈ ਹੈ! ਜੇਕਰ ਤੁਹਾਡੇ ਮਿੱਤਰ ਜਾਂ ਰਿਸ਼ਤੇਦਾਰ ਮਸੀਹ ਵਿੱਚ ਨਹੀਂ ਹਨ, ਤਾਂ ਇਹ ਗੱਲ ਸੁਣ ਕੇ ਤੁਹਾਨੂੰ ਉਤਸ਼ਾਹ ਮਿਲਣਾ ਚਾਹੀਦਾ ਹੈ। ਇਹ ਸੁਣ ਕੇ ਤਾਂ ਉਨ੍ਹਾਂ ਨੂੰ ਬਚਾਉਣ ਦੇ ਤੁਹਾਡੇ ਜਤਨ ਦੁੱਗਣੇ ਹੋ ਜਾਣੇ ਚਾਹੀਦੇ ਹਨ। ਜੇਕਰ ਪਰਮੇਸ਼ਰ ਉਨ੍ਹਾਂ ਨੂੰ ਲੈ ਕੇ ਹਾਰ ਨਹੀਂ ਮੰਨਦਾ, ਤਾਂ ਸਾਨੂੰ ਵੀ ਹਾਰ ਨਹੀਂ ਮੰਨਣੀ ਚਾਹੀਦੀ। ਜੇਕਰ *ਤੁਹਾਡਾ* ਸੰਬੰਧ ਵੀ ਪਰਮੇਸ਼ਰ ਦੇ ਨਾਲ ਸਹੀ ਨਹੀਂ ਹੈ ਤਾਂ ਇਹ ਜਾਣਨਾ ਕਿੰਨਾ ਅਦਭੁਤ ਹੈ ਕਿ ਪ੍ਰਭੂ ਨੇ ਤੁਹਾਨੂੰ ਲੈ ਕੇ ਹਾਰ ਨਹੀਂ ਮੰਨੀ ਹੈ!

### ਮੇਜ਼ ਇੱਕ ਫਾਹੀ? (11:9, 10)

ਰੋਮੀਆਂ 11:9, 10 ਵਿੱਚ, ਪੌਲੁਸ ਨੇ ਜ਼ਬੂਰਾਂ 69:22, 23 ਵਿੱਚੋਂ ਦਾਊਦ ਦੇ ਸ਼ਬਦਾਂ ਦੀ ਵਰਤੋਂ ਕੀਤੀ:

> ਉਨ੍ਹਾਂ ਦੀ ਮੇਜ਼ ਉਨ੍ਹਾਂ ਦੇ ਅੱਗੇ ਫਾਹੀ ਬਣ ਜਾਵੇ,
> ਅਤੇ ਜਦ ਓਹ ਸੁਖ ਸਾਂਦ ਹਨ ਉਹ ਫੰਦਾ ਬਣ ਜਾਵੇ!
> ਉਨ੍ਹਾਂ ਦੀਆਂ ਅੱਖੀਆਂ ਉੱਤੇ ਅਨ੍ਹੇਰ ਛਾ ਜਾਵੇ ਜੋ ਓਹ ਨਾ ਵੇਖਣ,
> ਅਤੇ ਉਨ੍ਹਾਂ ਦੇ ਲੱਕ ਸਦਾ ਕੰਬਦੇ ਰਹਿਣ!

ਇਨ੍ਹਾਂ ਆਇਤਾਂ ਦੇ ਇੱਕ ਹਿੱਸੇ ਨੇ ਬਾਈਬਲ ਦੇ ਵਿਦਿਆਰਥੀਆਂ ਦਾ ਖਾਸ ਧਿਆਨ ਖਿੱਚਿਆ ਹੈ: “ਉਨ੍ਹਾਂ ਦੀ ਮੇਜ਼ ਉਨ੍ਹਾਂ ਦੇ ਅੱਗੇ ਫਾਹੀ ਬਣ ਜਾਵੇ।” ਪ੍ਰਸ਼ਨ ਇਹ ਪੁੱਛਿਆ ਜਾਂਦਾ ਹੈ, “ਇੱਕ ਮੇਜ਼ ਇੱਕ ਫਾਹੀ ਜਾਂ ਫੰਦਾ ਕਿਵੇਂ ਬਣ ਸਕਦੀ ਹੈ?” ਕੁਝ ਅੰਦਾਜ਼ੇ ਹੇਠ ਲਿਖੇ ਅਨੁਵਾਦਾਂ ਤੋਂ ਪਤਾ ਲੱਗ ਸਕਦੇ ਹਨ।

“ਉਨ੍ਹਾਂ ਦੇ ਭੋਜਨ ਨੂੰ ਫੰਦੇ ਵਿੱਚ ਫਸਾਉਣ ਵਾਲਾ ਦਾਣਾ ਬਣਾ ਦੇ . . .” (CEV)।

"ਉਹ ਆਪਣੀਆਂ ਦਾਅਵਤਾਂ ਵੇਲੇ ਫੜੇ ਜਾਣ ਅਤੇ ਫੱਸ ਜਾਣ . . ." (TEV)।[55]

"ਉਨ੍ਹਾਂ ਦਾ ਸੁਆਦਲਾ ਭੋਜਨ ਅਤੇ ਹੋਰ ਅਸੀਸਾਂ ਉਨ੍ਹਾਂ ਨੂੰ ਇਸ ਸੋਚ ਵਿੱਚ ਫਸਾ ਲੈਣ ਕਿ ਉਨ੍ਹਾਂ ਦੇ ਅਤੇ ਪਰਮੇਸ਼ਰ ਦੇ ਵਿਚਕਾਰ ਸਭਕੁਝ ਠੀਕ ਚੱਲ ਰਿਹਾ ਹੈ . . ." (LB)।

"ਮੈਨੂੰ ਆਸ ਹੈ ਕਿ ਉਹ ਆਪਣੇ ਰਜੇਵਾਂ ਦੇਣ ਵਾਲੇ ਭੋਜਨ ਦੇ ਕਾਰਨ ਰੋਗੀ ਹੋ ਜਾਣ . . ." (MSG)।

ਪੂਰੀ ਬਾਈਬਲ ਵਿੱਚ "ਮੇਜ਼" ਅਸੀਸਾਂ ਅਤੇ ਸੰਗਤੀ ਦਾ ਚਿੰਨ੍ਹ ਰਿਹਾ ਹੈ (ਵੇਖੋ ਜ਼ਬੂਰਾਂ 23:5)। ਸ਼ਾਇਦ ਦਾਊਦ ਇਹ ਕਹਿਣਾ ਚਾਹ ਰਿਹਾ ਸੀ ਕਿ ਉਸ ਦੇ ਵੈਰੀ ਜਿਸ ਚੀਜ਼ ਦਾ ਆਸਰਾ ਲਈ ਬੈਠੇ ਹਨ ਅਤੇ ਜਿਸ ਵਿੱਚ ਉਨ੍ਹਾਂ ਨੂੰ ਅਰਾਮ ਮਿਲਦਾ ਹੈ, ਉਹੀ ਉਨ੍ਹਾਂ ਦੇ ਪਤਨ ਦਾ ਕਾਰਨ ਬਣ ਜਾਵੇ। ਜੇਕਰ ਪੌਲੁਸ ਦਾ ਮਕਸਦ ਇਹ ਸੀ ਕਿ ਇਸ ਆਇਤ ਦੀ ਵਰਤੋਂ ਉਸ ਦੇ ਸਮੇਂ ਦੇ ਯਹੂਦੀਆਂ ਦੇ ਲਈ ਕੀਤੀ ਜਾਵੇ, ਤਾਂ ਆਤਮਕ "ਮੇਜ਼" ਦੀ ਇੱਕ ਉਦਾਹਰਣ, ਜਿਸ ਦਾ ਉਹ ਆਸਰਾ ਲਈ ਬੈਠੇ ਸਨ, ਮੂਸਾ ਦੀ ਸ਼ਰਾ ਹੋ ਸਕਦੀ ਹੈ। ਉਸ ਸ਼ਰਾ ਦੇ ਨਾਲ ਚਿੰਬੜੇ ਰਹਿਣ ਦੀ ਉਨ੍ਹਾਂ ਦੀ ਚਾਹਤ ਉਨ੍ਹਾਂ ਦੇ ਲਈ ਇੱਕ ਫਾਹੀ ਅਤੇ ਫੰਦਾ ਬਣ ਗਈ ਸੀ। ਲਾਰੀ ਡੀਸਨ ਨੇ ਇੱਕ ਹੋਰ ਤਰੀਕੇ ਦਾ ਸੁਝਾਅ ਦਿੱਤਾ ਜਿਸ ਦੇ ਰਾਹੀਂ "ਮੇਜ਼" ਦੇ ਸੰਦਰਭ ਨੂੰ ਪਹਿਲੀ ਸਦੀ ਦੇ ਯਹੂਦੀਆਂ ਦੇ ਲਈ ਵਰਤਿਆ ਜਾ ਸਕਦਾ ਹੈ:

> ਪਰਮੇਸ਼ਰ ਨੇ ਇਸਰਾਏਲ ਦੇ ਲਈ ਇੱਕ ਸ਼ਾਨਦਾਰ ਮੇਜ਼ ਲਗਾਇਆ ਸੀ, ਜਿਸ ਉੱਤੇ ਉਨ੍ਹਾਂ ਦੇ ਲਈ ਵਰਤਾਇਆ ਗਿਆ ਸਮਾਨ *ਮਸੀਹ*ਸੀ (ਪਰ ਉਨ੍ਹਾਂ ਨੇ ਉਸ ਨੂੰ ਵੇਖਣ ਤੋਂ ਮਨਾ ਕਰ ਦਿੱਤਾ), *ਧਾਰਮਿਕਤਾ* ਦਾ ਤੋਹਫਾ ਸੀ (ਜਿਸ ਨੂੰ ਉਨ੍ਹਾਂ ਨੇ ਠੁਕਰਾ ਦਿੱਤਾ) ਅਤੇ ਮਾਫੀ ਤੇ ਮੇਲ ਦੀ ਖੁਸ਼ਖਬਰੀ ਸੀ (ਜਿਸ ਨੂੰ ਉਨ੍ਹਾਂ ਨੇ ਸੁਣਨ ਤੋਂ ਮਨਾ ਕਰ ਦਿੱਤਾ)। ਉਨ੍ਹਾਂ ਦੀ ਬੇਪਰਤੀਤੀ ਨੇ ਇਸ ਮਸੀਹੀ ਦਾਅਵਤ ਨੂੰ ਉਨ੍ਹਾਂ ਦੇ ਉੱਤੇ ਪੈਣ ਵਾਲੇ ਰੱਬੀ ਨਿਆਂ ਦੀ ਫਾਹੀ ਵਿੱਚ ਬਦਲ ਦਿੱਤਾ।[56]

## ਬਦਅਸੀਸਾਂ ਦੇ ਜ਼ਬੂਰ? (11:9, 10)

ਕੁਝ ਲੋਕ ਕੁਝ ਜ਼ਬੂਰਾਂ, ਜਿਵੇਂ ਕਿ ਜ਼ਬੂਰ 69 ਬਾਰੇ ਸੋਚ ਕੇ ਹੈਰਾਨ ਹੁੰਦੇ ਹਨ, ਜਿਸ ਵਿੱਚ ਦਾਊਦ ਪਰਮੇਸ਼ਰ ਨੂੰ ਆਖਦਾ ਹੈ ਕਿ ਉਹ ਉਸ ਦੇ ਵੈਰੀਆਂ ਨੂੰ ਸਜ਼ਾ ਦੇਵੇ। ਅਜਿਹੇ ਜ਼ਬੂਰਾਂ ਨੂੰ "ਬਦਅਸੀਸਾਂ ਦੇ ਜ਼ਬੂਰ" ਆਖਿਆ ਜਾਂਦਾ ਹੈ। ਘੱਟੋ-ਘੱਟ ਦੋ ਟਿੱਪਣੀਆਂ ਕੀਤੀਆਂ ਜਾ ਸਕਦੀਆਂ ਹਨ। ਪਹਿਲੀ, ਦਾਊਦ ਬਦਲਾ ਲੈਣ ਦਾ ਕੰਮ ਪਰਮੇਸ਼ਰ ਦੇ ਹੱਥਾਂ ਵਿੱਚ ਛੱਡ ਰਿਹਾ ਸੀ (ਵੇਖੋ ਰੋਮੀਆਂ 12:19)। ਦੂਜੀ, ਇਹ ਜ਼ਬੂਰ ਉਸ ਨੇਮ ਦਾ ਹਿੱਸਾ ਹਨ, ਜੋ "ਅੱਖ ਦੇ ਵੱਟੇ ਅੱਖ" ਦੀ ਸਿੱਖਿਆ ਦਿੰਦਾ ਸੀ (ਪੁਰਾਣਾ ਨੇਮ)। ਇਹ ਉਸ ਨੇਮ ਦਾ ਹਿੱਸਾ ਨਹੀਂ ਹਨ, ਜੋ ਦੂਜੀ ਗੱਲ ਵੀ ਫੇਰ ਦੇਣ ਦੀ ਸਿੱਖਿਆ ਦਿੰਦਾ ਹੈ (ਨਵਾਂ ਨੇਮ) (ਵੇਖੋ ਕੂਚ 21:24; ਮੱਤੀ 5:38, 39; ਰੋਮੀਆਂ 12:18-21)।

## ਘਮੰਡ ਦੀ ਸਮੱਸਿਆ (11:18)

ਅਸੀਂ ਨਹੀਂ ਜਾਣਦੇ ਕਿ ਪੌਲੁਸ ਨੇ ਖਾਸਤੌਰ 'ਤੇ ਘਮੰਡ ਦੀ ਸਮੱਸਿਆ ਬਾਰੇ ਗੱਲ ਕਿਉਂ ਕੀਤੀ

(11:18)। ਇੱਕ ਸੰਭਾਵਨਾ ਇਹ ਹੋ ਸਕਦੀ ਹੈ ਕਿ ਪੌਲੁਸ ਰੋਮ ਦੀ ਕਲੀਸੀਆ ਵਿੱਚ ਗੈਰਯਹੂਦੀਆਂ ਅਤੇ ਯਹੂਦੀਆਂ ਵਿਚਕਾਰ ਵਧ ਰਹੇ ਤਣਾਅ ਨੂੰ ਜਾਣ ਗਿਆ ਸੀ ਅਤੇ ਉਸੇ ਹਾਲਾਤ ਬਾਰੇ ਗੱਲ ਕਰਨ ਲਈ ਲਿਖ ਰਿਹਾ ਸੀ।[57] ਸਧਾਰਨ ਤੌਰ ’ਤੇ ਰੋਮ ਦੀ ਕਲੀਸੀਆ ਦੀ ਆਤਮਕ ਅਵਸਥਾ ਵਧੀਆ ਸੀ (ਵੇਖੋ 1:8), ਪਰ ਕੋਈ ਵੀ ਕਲੀਸੀਆ ਸਿੱਧ ਨਹੀਂ ਹੈ। ਇੱਕ ਹੋਰ ਸੰਭਾਵਨਾ ਇਹ ਹੋ ਸਕਦੀ ਹੈ ਕਿ ਸਮੂਚੇ ਰੋਮ ਸਾਮਰਾਜ ਵਿੱਚ ਯਾਤਰਾ ਕਰਦਿਆਂ ਪੌਲੁਸ ਨੇ ਹੋਰਨਾਂ ਮੰਡਲੀਆਂ ਵਿੱਚ ਇਹ ਸਮੱਸਿਆ ਵੇਖੀ ਹੋਵੇਗੀ ਅਤੇ ਰੋਮ ਨੂੰ ਇਸ ਹਾਲਾਤ ਤੋਂ ਬਚਾਉਣ ਲਈ ਇਹ ਨਿਰਦੇਸ਼ ਲਿਖੇ। ਸ਼ਾਇਦ ਪਵਿੱਤਰ ਆਤਮਾ ਜਾਣਦਾ ਸੀ ਕਿ ਸਾਨੂੰ ਸਾਰਿਆਂ ਨੂੰ ਇਸ ਬਾਰੇ ਸਖਤ ਚਿਤਾਉਣੀ ਦੀ ਲੋੜ ਹੈ ਕਿ ਅਸੀਂ ਆਪਣੇ ਆਪ ਨੂੰ ਦੂਜਿਆਂ ਤੋਂ ਬਿਹਤਰ ਨਾ ਸਮਝੀਏ ਅਤੇ ਇਸ ਕਰਕੇ ਪੌਲੁਸ ਨੂੰ ਇਹ ਗੱਲਾਂ ਲਿਖਣ ਲਈ ਪ੍ਰੇਰਿਤ ਕੀਤਾ ਜਿਹੜੀਆਂ ਅੱਜ ਸਾਡੇ ਲਈ ਵੀ ਰਾਖਵੀਆਂ ਰੱਖੀਆਂ ਗਈਆਂ ਹਨ।

ਘਮੰਡ ਨੂੰ ਅਜਿਹਾ ਖੇਤ ਆਖਿਆ ਗਿਆ ਹੈ ਜਿਸ ਵਿੱਚ ਬਾਕੀ ਸਾਰੇ ਪਾਪ ਪੁੰਗਰਦੇ ਹਨ।[58] ਸੀ. ਐੱਸ. ਲੂਈਸ ਨੇ ਪਾਪ ਨੂੰ ਇੱਕ ਬੁਰਾਈ ਦੇ ਤੌਰ ’ਤੇ ਵੇਖਿਆ ਪਰ ਬਹੁਤ ਘੱਟ ਹੀ ਇਸ ਦਾ ਇਕਰਾਰ ਕੀਤਾ:

> ਇਹ ਇੱਕ ਅਜਿਹੀ ਬੁਰਾਈ ਹੈ ਜਿਸ ਤੋਂ ਸੰਸਾਰ ਦਾ ਕੋਈ ਵੀ ਵਿਅਕਤੀ ਬਚਿਆ ਨਹੀਂ ਹੈ; ਜਿਸ ਨੂੰ ਦੂਜਿਆਂ ਵਿੱਚ ਵੇਖ ਕੇ ਸਾਰੇ ਲੋਕ ਹੀ ਘਿਰਣਾ ਕਰਦੇ ਹਨ; ਅਤੇ ਜਿਸ ਬਾਰੇ, ਮਸੀਹੀਆਂ ਤੋਂ ਇਲਾਵਾ, ਸ਼ਾਇਦ ਹੀ ਅਜਿਹਾ ਕੋਈ ਵਿਅਕਤੀ ਹੋਵੇ ਜੋ ਆਪਣੇ ਆਪ ਨੂੰ ਉਸ ਦਾ ਦੋਸ਼ੀ ਮੰਨਦਾ ਹੋਵੇ। ਮੈਂ ਲੋਕਾਂ ਨੂੰ ਇਹ ਇਕਰਾਰ ਕਰਦਿਆਂ ਸੁਣਿਆ ਹੈ ਕਿ ਉਹ ਬਹੁਤ ਗੁੱਸੇ ਵਾਲੇ ਹਨ, ਜਾਂ ਇਹ ਕਿ ਕੁੜੀਆਂ ਜਾਂ ਸ਼ਰਾਬ ਬਾਰੇ ਵਿਚਾਰ ਉਨ੍ਹਾਂ ਦੇ ਮਨ ਵਿੱਚ ਆਉਣੇ ਬੰਦ ਹੀ ਨਹੀਂ ਹੁੰਦੇ, ਜਾਂ ਇਹ ਕਿ ਉਹ ਡਰਪੋਕ ਹਨ। ਪਰ ਮੈਨੂੰ ਨਹੀਂ ਲੱਗਦਾ ਕਿ ਮੈਂ, ਮਸੀਹੀਆਂ ਤੋਂ ਇਲਾਵਾ ਕਿਸੇ ਹੋਰ ਨੂੰ ਇਹ ਆਖਦਿਆਂ ਸੁਣਿਆ ਹੋਵੇਗਾ ਕਿ ਉਹ ਇਸ ਬੁਰਾਈ ਦੇ ਦੋਸ਼ੀ ਹਨ। ਇਸ ਬੁਰਾਈ ਤੋਂ ਇਲਾਵਾ ਹੋਰ ਕੋਈ ਗਲਤੀ ਨਹੀਂ ਹੈ ਜਿਹੜੀ ਕਿਸੇ ਵਿਅਕਤੀ ਨੂੰ ਲੋਕਾਂ ਦੀ ਘਿਰਣਾ ਦਾ ਪਾਤਰ ਬਣਾਉਂਦੀ ਹੈ ਅਤੇ ਜਿਸ ਨੂੰ ਅਸੀਂ ਆਪਣੇ ਆਪ ਵਿੱਚ ਸਿਆਣ ਹੀ ਨਹੀਂ ਪਾਉਂਦੇ। ਅਤੇ ਜਿੰਨੀ ਜ਼ਿਆਦਾ ਇਹ ਸਾਡੇ ਵਿੱਚ ਹੁੰਦੀ ਹੈ, ਓਨਾ ਹੀ ਜ਼ਿਆਦਾ ਅਸੀਂ ਇਸ ਨੂੰ ਦੂਜਿਆਂ ਵਿੱਚ ਵੇਖ ਕੇ ਘਿਰਣਾ ਕਰਦੇ ਹਾਂ।[59]

ਸ਼ਾਇਦ ਇਸ ਗੱਲ ਉੱਤੇ ਗੌਰ ਕੀਤੀ ਜਾਣੀ ਚਾਹੀਦੀ ਹੈ ਕਿ ਇੱਕ ਪਾਪੀ ਘਮੰਡ ਹੁੰਦਾ ਹੈ ਅਤੇ ਇੱਕ ਵਾਜਬ ਘਮੰਡ ਵੀ ਹੁੰਦਾ ਹੈ ਜਿਸ ਨੂੰ ਮਾਣ ਕਰਨਾ ਵੀ ਆਖਿਆ ਜਾ ਸਕਦਾ ਹੈ। 11:13 ਵਿੱਚ, “ਵਡਿਆਈ” (δοξάζω, *ਡੋਕਸਾਜ਼ੋ*) ਸ਼ਬਦ ਨੂੰ ਇਸ ਤਰ੍ਹਾਂ ਵੀ ਅਨੁਵਾਦ ਕੀਤਾ ਜਾ ਸਕਦਾ ਹੈ, “ਮਾਣ ਕਰਦਾ ਹਾਂ” (“ਕਿਸੇ ਗੱਲ ’ਤੇ ਮਾਣ ਕਰਨਾ”; ਵੇਯਮਾਉਥ)। ਕੁਝ ਹੱਦ ਤੱਕ ਸਾਨੂੰ ਆਪਣੇ ਆਪ ’ਤੇ “ਮਾਣ ਕਰਨਾ” ਚਾਹੀਦਾ ਹੈ ਤਾਂ ਜੋ ਜਿੰਨਾ ਲੋਕਾਂ ਨਾਲ ਅਸੀਂ ਮਿਲਦੇ ਹਾਂ ਉਨ੍ਹਾਂ ਉੱਤੇ ਇੱਕ ਚੰਗਾ ਪ੍ਰਭਾਵ ਪਾ ਸਕੀਏ। ਸਾਨੂੰ ਆਪਣੇ ਕੰਮ ਉੱਤੇ “ਮਾਣ ਕਰਨਾ” ਚਾਹੀਦਾ ਹੈ ਅਤੇ ਆਪਣਾ ਸਰਬਉੱਤਮ ਕਰਨਾ ਚਾਹੀਦਾ ਹੈ। ਨਿਸ਼ਚਿਤ ਤੌਰ ’ਤੇ ਦੂਜਿਆਂ ਦੀਆਂ ਉਪਲਬਧੀਆਂ ਉੱਤੇ ਮਾਣ ਕਰਨਾ ਗਲਤ ਨਹੀਂ ਹੈ (ਵੇਖੋ 2 ਕੁਰਿੰਥੀਆਂ 1:14)। ਜਿਸ ਘਮੰਡ ਦੀ ਪੌਲੁਸ ਗੱਲ ਕਰ ਰਿਹਾ ਹੈ ਉਹ ਉਨ੍ਹਾਂ ਲੋਕਾਂ ਵੱਲੋਂ ਦਿਖਾਇਆ ਜਾਣ ਵਾਲਾ ਘਮੰਡੀ ਵਿਹਾਰ ਹੈ ਜੋ ਆਪਣੇ ਆਪ ਨੂੰ ਦੂਜਿਆਂ ਤੋਂ ਬਿਹਤਰ ਸਮਝਦੇ ਹਨ।

ਜ਼ਿਆਦਾਤਰ ਲੋਕ KJV ਵਿੱਚ ਲਿਖੇ ਕਹਾਉਤਾਂ 16:18 ਦੇ ਸ਼ਬਦਾਂ ਤੋਂ ਜਾਣੂ ਹਨ: "ਨਾਸ ਤੋਂ ਪਹਿਲਾਂ ਹੰਕਾਰ ਅਤੇ ਡਿੱਗਣ ਤੋਂ ਪਹਿਲਾਂ ਘੁਮੰਡੀ ਰੂਹ ਹੁੰਦੀ ਹੈ।"[60] ਅਸੀਂ ਇਸ ਨੂੰ ਛੋਟਾ ਕਰ ਦਿੱਤਾ ਹੈ, "ਡਿੱਗਣ ਤੋਂ ਪਹਿਲਾਂ ਘਮੰਡ ਆਉਂਦਾ ਹੈ।" ਜਦੋਂ ਮੈਂ ਇਨ੍ਹਾਂ ਸ਼ਬਦਾਂ ਨੂੰ ਸੁਣਦਾ ਹਾਂ ਤਾਂ ਮੈਨੂੰ ਘਮੰਡੀ ਡੱਡੂ ਦੀ ਕਹਾਣੀ ਚੇਤੇ ਆ ਜਾਂਦੀ ਹੈ। ਇੱਕ ਡੱਡੂ ਦੀ ਦੋਸਤੀ ਦੋ ਬਤਖਾਂ ਨਾਲ ਹੋ ਜਾਂਦੀ ਹੈ। ਇੱਕ ਦਿਨ ਇਉਂ ਹੋਇਆ ਕਿ ਜਿਸ ਤਲਾਅ ਵਿੱਚ ਉਹ ਰਹਿੰਦੇ ਸਨ ਉਹ ਸੁੱਕ ਗਿਆ। ਬਤਖਾਂ ਤਾਂ ਉੱਡ ਕੇ ਨਵੇਂ ਤਲਾਅ ਵਿੱਚ ਜਾ ਸਕਦੀਆਂ ਸਨ, ਪਰ ਉਨ੍ਹਾਂ ਦੇ ਦੋਸਤ ਡੱਡੂ ਦਾ ਕੀ ਬਣੇਗਾ? ਇਹ ਫੈਸਲਾ ਲਿਆ ਗਿਆ ਕਿ ਬਤਖਾਂ ਆਪਣੀਆਂ ਚੁੰਝਾਂ ਵਿੱਚ ਇੱਕ ਤੀਲਾ ਫੜ ਕੇ ਉੱਡਣਗੀਆਂ ਅਤੇ ਡੱਡੂ ਉਸ ਤੀਲੇ ਨੂੰ ਆਪਣੇ ਮੂੰਹ ਨਾਲ ਫੜ ਕੇ ਲਟਕੇਗਾ। ਜਦੋਂ ਉਹ ਉੱਡ ਰਹੇ ਸਨ, ਤਾਂ ਇੱਕ ਕਿਸਾਨ ਨੇ ਉਨ੍ਹਾਂ ਨੂੰ ਵੇਖਿਆ। ਉਸ ਨੇ ਜ਼ੋਰ ਦੀ ਆਖਿਆ, "ਬਹੁਤ ਵਧੀਆ ਤਰੀਕਾ ਹੈ! ਪਰ ਇਹ ਆਇਆ ਕਿਸ ਦੇ ਦਿਮਾਗ ਵਿੱਚ?" ਡੱਡੂ ਬੋਲਿਆ, "ਮੇਰੇ ਦਿਮਾਗ ਵਿੱਚ" ਅਤੇ ਹੇਠਾਂ ਡਿੱਗਦਿਆਂ ਹੀ ਮਰ ਗਿਆ। "ਡਿੱਗਣ ਤੋਂ ਪਹਿਲਾਂ ਘਮੰਡ ਆਉਂਦਾ ਹੈ।"

ਕਿਸੇ ਨਾ ਕਿਸੇ ਵੇਲੇ, ਸ਼ਾਇਦ ਸਾਨੂੰ ਸਾਰਿਆਂ ਨੂੰ ਹੀ ਘਮੰਡ ਦੀ ਸਮੱਸਿਆ ਨਾਲ ਸੰਘਰਸ਼ ਕਰਨਾ ਪਿਆ ਹੋਵੇਗਾ। ਰੋਮੀਆਂ 11:18 ਦੱਸਦਾ ਹੈ ਕਿ ਪਹਿਲੀ ਸਦੀ ਦੇ ਮਸੀਹੀਆਂ ਕੋਲ ਘਮੰਡ ਕਰਨ ਦਾ ਕੋਈ ਕਾਰਨ ਨਹੀਂ ਸੀ—ਅਤੇ ਨਾ ਹੀ ਸਾਡੇ ਕੋਲ ਹੈ। ਅਸੀਂ ਸਾਰੇ ਪਾਪੀ ਹਾਂ ਅਤੇ ਕੇਵਲ ਮੌਤ ਦੇ ਹੱਕਦਾਰ ਹਾਂ (3:23; 6:23)। ਅਸੀਂ ਪਰਮੇਸ਼ਰ ਦੀ ਕਿਰਪਾ ਸਦਕਾ ਬਚਾਏ ਗਏ ਹਾਂ, ਆਪਣੀ ਕਿਸੇ ਯੋਗਤਾ ਕਰਕੇ ਨਹੀਂ। ਆਈਜ਼ਕ ਵਾਟਸ ਨੇ ਲਿਖਿਆ,

ਜਬ ਰਖਤਾ ਹੂੰ, ਮੈਂ ਕਸਰ ਪਰ,
ਜਹਾਂ ਮਸੀਹ ਨੇ ਮੌਤ ਸਹੀ,
ਨਾਚੀਜ਼ ਮੈਂ ਗਿਨਤਾ ਜਾਨ ਓ ਮੁਰ
ਔਰ ਖੁਦਪਰਸਤੀ ਮਰਤੀ ਭੀ।[61]

ਪਤਰਸ ਨੇ ਲਿਖਿਆ ਕਿ "ਇਸ ਲਈ ਜੋ ਪਰਮੇਸ਼ੁਰ ਹੰਕਾਰੀਆਂ ਦਾ ਸਾਹਮਣਾ ਕਰਦਾ ਪਰ ਹਲੀਮਾਂ ਨੂੰ ਕਿਰਪਾ ਬਖ਼ਸ਼ਦਾ ਹੈ। ਸੋ ਆਪਣੇ ਆਪ ਨੂੰ ਪਰਮੇਸ਼ੁਰ ਦੇ ਬਲਵੰਤ ਹੱਥ ਦੇ ਹੇਠ ਨੀਵਿਆਂ ਕਰੋ ਭਈ ਉਹ ਤੁਹਾਨੂੰ ਵੇਲੇ ਸਿਰ ਉੱਚਿਆ ਕਰੇ" (1 ਪਤਰਸ 5:5, 6)।

## ਪਰਮੇਸ਼ੁਰ ਅਤੇ ਇਸਰਾਏਲ (11:25, 26)

ਪੱਤ੍ਰੀ ਵਿਚਲੇ ਹਵਾਲਿਆਂ ਵਿੱਚੋਂ ਰੋਮੀਆਂ 11:25, 26 ਨੂੰ ਸਮਝਣਾ ਸਭ ਤੋਂ ਮੁਸ਼ਕਲ ਹੈ। ਇਸ ਮੂਲਪਾਠ ਦੀ ਵਿਆਖਿਆ ਵਿੱਚ ਇਹ ਇੱਕ ਸਮੱਸਿਆ ਹੈ ਕਿ ਹੁਣ ਤੱਕ ਵੀ ਬਹੁਤ ਸਾਰੇ ਲੋਕ ਭੌਤਿਕ ਇਸਰਾਏਲ ਦੇਸ਼ ਨੂੰ ਪਰਮੇਸ਼ੁਰ ਦੇ "ਚੁਣੇ ਹੋਏ" (ਚੋਣ ਕੀਤੇ ਹੋਏ) ਲੋਕ ਸਮਝਦੇ ਹਨ। ਕੁਝ ਲੋਕਾਂ ਦਾ ਵਿਸ਼ਵਾਸ ਹੈ ਕਿ ਹੁਣ ਤੱਕ ਪਰਮੇਸ਼ੁਰ ਨੇ ਉਹ ਵਾਇਦੇ ਪੂਰੇ ਨਹੀਂ ਕੀਤੇ ਹਨ ਜੋ ਉਸ ਨੇ ਯਹੂਦੀਆਂ ਦੇ ਨਾਲ ਕੀਤੇ ਸਨ, ਅਤੇ ਹੁਣ ਤੱਕ ਵੀ ਉਨ੍ਹਾਂ ਨੂੰ ਉਸ ਦੇ ਦੁਆਰਾ ਕੁਝ ਵਿਸ਼ੇਸ਼ ਆਸ਼ਿਸ਼ਾਂ ਦੇਣੀਆਂ ਬਾਕੀ ਹਨ। ਇਸ ਲਈ, ਇਹ ਸਮਝਣਾ ਜ਼ਰੂਰੀ ਹੈ ਕਿ ਇਤਿਹਾਸ ਵਿੱਚ ਇਸਰਾਏਲ ਦੇ ਨਾਲ ਪਰਮੇਸ਼ੁਰ ਦਾ ਸੰਬੰਧ ਕਿਹੋ ਜਿਹਾ ਸੀ।

*"ਸਧਾਰਨ ਚੋਣ" ਬਨਾਮ "ਖਾਸ ਚੋਣਾਂ"।* ਪਰਮੇਸ਼ੁਰ ਦੇ ਚੁਣੇ ਹੋਏ ਲੋਕਾਂ ਦੇ ਸੰਬੰਧ ਵਿੱਚ

ਪਹਿਲੀਆਂ ਸੱਚਾਈਆਂ ਵਿੱਚੋਂ ਇੱਕ ਜਿਸ ਨੂੰ ਸਮਝਣਾ ਸਾਡੇ ਲਈ ਜ਼ਰੂਰੀ ਹੈ ਉਹ ਇਹ ਹੈ ਕਿ ਇਸਰਾਏਲ ਨੂੰ “ਚੁਣਨ” ਦਾ (ਚੋਣ ਕਰਨ ਦਾ) ਪਰਮੇਸ਼ੁਰ ਦਾ ਪਰਮ ਉਦੇਸ਼ ਆਪਣੀ ਯੋਜਨਾ ਦੇ ਅਨੁਸਾਰ ਮਸੀਹਾ ਨੂੰ (“ਮਸੀਹ”) ਇਸ ਸੰਸਾਰ ਵਿੱਚ ਲਿਆਉਣ ਦੇ ਲਈ ਇਸ ਕੌਮ ਨੂੰ ਇਸਤੇਮਾਲ ਕਰਨਾ ਸੀ। ਉਸ ਦੇ ਚੁਣੇ/ਚੋਣ ਕੀਤੇ ਹੋਏ ਲੋਕ ਹੋਣ ਦੇ ਨਾਤੇ, ਇਸਰਾਏਲ ਨੂੰ ਕੁਝ ਬਰਕਤਾਂ ਦੇਣ ਦਾ ਵਾਇਦਾ ਕੀਤਾ ਗਿਆ ਸੀ, ਪਰ ਪਰਮੇਸ਼ੁਰ ਨੇ *ਕਦੀ* ਵੀ ਇਸਰਾਏਲ (ਯਾਕੂਬ) ਦੀ ਹਰੇਕ ਭੌਤਿਕ ਸੰਤਾਨ ਨੂੰ ਛੁਟਕਾਰਾ ਦੇਣ ਦਾ ਵਾਇਦਾ ਨਹੀਂ ਕੀਤਾ ਸੀ। ਸਮਝੌਤੇ ਵਿੱਚ, ਮੌਰਿਸ ਨੇ ਲਿਖਿਆ ਹੈ,

> ਪਰਮੇਸ਼ੁਰ ਨੇ ਇਸਰਾਏਲ ਨੂੰ ਆਪਣੀ ਪਰਜਾ ਹੋਣ ਦੇ ਲਈ ਚੁਣਿਆ, ਉਹ ਲੋਕ ਜਿਨ੍ਹਾਂ ਵਿੱਚ ਉਸ ਦਾ ਮਕਸਦ ਇੱਕ ਖਾਸ ਤਰੀਕੇ ਦੇ ਨਾਲ ਕੰਮ ਕਰੇਗਾ। ਉਹ ਦਰਸ਼ਣ ਅਤੇ ਬਹੁਤ ਸਾਰੀਆਂ ਆਸ਼ਿਸ਼ਾਂ ਦੇ ਵਾਰਸ ਹੋਣਗੇ (ਤੁਲਨਾ ਕਰਕੇ ਵੇਖੋ 9:4-5)। . . . ਪਰ ਇਨ੍ਹਾਂ ਵਿੱਚੋਂ ਕਿਸੇ ਦਾ ਵੀ ਅਰਥ ਇਹ ਨਹੀਂ ਹੈ ਕਿ ਸਾਰੀ ਕੌਮ ਹੀ ਬਚਾਈ ਜਾਵੇਗੀ।[62]

ਅਸੀਂ ਇਹ ਪਹਿਲਾਂ ਨੋਟ ਕੀਤਾ ਹੈ ਕਿ ਕੁਝ ਰੱਬੀ ਇਹ ਵਿਸ਼ਵਾਸ ਕਰਦੇ ਸਨ ਕਿ ਯਹੂਦੀ ਹੋਣਾ (ਸ਼ਰਾ ਅਤੇ ਸੁੰਨਤ ਦੀ ਰਸਮ ਹੋਣਾ) ਅਨੰਤ ਜੀਵਨ ਦੀ ਗਾਰੰਟੀ ਸੀ, ਪਰ ਪਰਮੇਸ਼ੁਰ ਦਾ ਵਚਨ ਇਹ ਨਹੀਂ ਸਿਖਾਉਂਦਾ ਹੈ। ਇਸਰਾਏਲ ਦੇ ਇਤਿਹਾਸ ਦੇ ਦੌਰਾਨ, ਹਮੇਸ਼ਾ ਇਸਰਾਏਲੀ ਲੋਕਾਂ ਵਿੱਚ ਪਰਮੇਸ਼ੁਰ ਦੇ ਪ੍ਰਤਿ ਵਿਸ਼ਵਾਸਯੋਗ ਲੋਕਾਂ ਦੀ ਬਜਾਇ ਵਿਸ਼ਵਾਸਘਾਤੀ ਲੋਕ ਜ਼ਿਆਦਾ ਹੁੰਦੇ ਰਹੇ ਹਨ।

ਇਸਰਾਏਲੀਆਂ ਦੇ ਸੰਬੰਧ ਵਿੱਚ, ਮੈਕਗੁਰੈਨ ਨੇ “ਆਮ ਚੋਣ” ਅਤੇ “ਖਾਸ ਚੋਣ”[63] ਦੇ ਵਿਚਕਾਰ ਅੰਤਰ ਕੀਤਾ ਹੈ। “ਆਮ ਚੋਣ” ਪਰਮੇਸ਼ੁਰ ਦੇ ਦੁਆਰਾ ਇਸਰਾਏਲ ਕੌਮ ਦਾ ਉਨ੍ਹਾਂ ਲੋਕਾਂ ਦੇ ਰੂਪ ਵਿੱਚ ਚੋਣ/ਚੁਣੇ ਜਾਣਾ ਸੀ ਜਿਨ੍ਹਾਂ ਦੇ ਦੁਆਰਾ ਉਹ ਸੰਸਾਰ ਨੂੰ ਬਰਕਤ ਦੇਵੇਗਾ। “ਖਾਸ ਚੋਣ” ਪਰਮੇਸ਼ੁਰ ਦੇ ਦੁਆਰਾ “ਇਸਰਾਏਲ ਦੇ ਵਿੱਚੋਂ ਇਸਰਾਏਲ ਦੀ ਚੋਣ/ਚੁਣੇ ਜਾਣਾ ਸੀ” (ਵੇਖੋ 9:6)- ਵਫਾਦਾਰ ਲੋਕ ਜਿਨ੍ਹਾਂ ਨੂੰ ਉਹ ਬਚਾਂਉਂਦਾ ਹੈ।

*ਇਸਰਾਏਲ ਦੇ ਨਾਲ ਕੀਤੇ ਗਏ ਪਰਮੇਸ਼ੁਰ ਦੇ ਵਾਇਦੇ ਪੂਰੇ ਹੋ ਗਏ।* ਪਰਮੇਸ਼ੁਰ ਹਾਰਾਨ ਦੇ ਦੇਸ਼ ਵਿੱਚ ਅਬਰਾਹਾਮ ਤੇ ਪਰਗਟ ਹੋਇਆ ਅਤੇ ਉਸ ਨੂੰ ਉਸ ਭੂਮੀ ਨੂੰ ਜਾਣ ਦੇ ਲਈ ਕਿਹਾ ਜੋ ਉਹ ਉਸ ਨੂੰ ਵਿਖਾਵੇਗਾ (ਉਤਪਤ 12:1), ਉਹ ਭੂਮੀ, ਕਨਾਨ ਹੈ। ਉਸ ਸਮੇਂ ਪਰਮੇਸ਼ੁਰ ਨੇ ਉਸ ਨੂੰ ਖਾਸ ਵਾਇਦੇ ਦਿੱਤੇ:

> ਅਤੇ ਮੈਂ ਤੈਨੂੰ ਇੱਕ ਵੱਡੀ ਕੌਮ ਬਣਾਵਾਂਗਾ, ਅਤੇ ਮੈਂ ਤੈਨੂੰ ਅਸੀਸ ਦਿਆਂਗਾ, ਅਤੇ ਮੈਂ ਤੇਰਾ ਨਾਉਂ ਵੱਡਾ ਕਰਾਂਗਾ; ਅਤੇ ਤੂੰ ਬਰਕਤ ਦਾ ਕਾਰਨ ਹੋ; ਅਤੇ ਜੋ ਤੈਨੂੰ ਅਸੀਸ ਦਿੰਦੇ ਹਨ ਮੈਂ ਉਨ੍ਹਾਂ ਨੂੰ ਅਸੀਸ ਦਿਆਂਗਾ, ਅਤੇ ਜੋ ਤੈਨੂੰ ਸਰਾਪ ਦਿੰਦਾ ਹੈ ਮੈਂ ਉਹ ਨੂੰ ਸਰਾਪ ਦਿਆਂਗਾ। ਅਤੇ ਤੇਰੇ ਕਾਰਨ ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ (ਉਤਪਤ 12:2, 3)।

ਕਈ ਸਾਲਾਂ ਦੇ ਬਾਅਦ, ਪਰਮੇਸ਼ੁਰ ਨੇ ਅਬਰਾਹਾਮ ਨੂੰ ਕਿਹਾ,

> ਸੋ ਮੈਂ ਤੈਨੂੰ ਬਰਕਤਾਂ ਤੇ ਬਰਕਤਾਂ ਦਿਆਂਗਾ ਅਰ ਮੈਂ ਤੇਰੀ ਅੰਸ ਨੂੰ ਅਕਾਸ਼ ਦੇ ਤਾਰਿਆਂ ਜਿੰਨੀਂ ਅਰ ਤੇਰੀ ਅੰਸ ਨੂੰ ਅਕਾਸ਼ ਦੇ ਤਾਰਿਆਂ ਜਿੰਨੀਂ ਅਰ ਸਮੁੰਦਰ ਦੇ ਕੰਢੇ ਦੀ ਰੇਤ ਵਾਂਝੂ

ਅੱਤ ਵਧਾਵਾਂਗਾ ਅਰ ਤੇਰੀ ਅੰਸ ਆਪਣੇ ਵੈਰੀਆਂ ਦੇ ਫਾਟਕ ਉੱਤੇ ਕਬਜ਼ਾ ਕਰੇਗੀ। ਅਤੇ ਤੇਰੀ ਅੰਸ ਵਿੱਚ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ ਕਿਉਂਜੋ ਤੈਂ ਮੇਰੇ ਬੋਲ ਨੂੰ ਸੁਣਿਆ ਹੈ (ਉਤਪਤ 22:17, 18)।

ਇਹ ਸਾਰੇ ਵਾਇਦੇ ਪੂਰੇ ਹੋਏ ਸਨ। ਅਬਰਾਹਾਮ ਦੇ ਸਰੀਰਕ ਬੱਚੇ ਅਕਾਸ਼ ਦੇ ਤਾਰਿਆਂ ਵਾਂਗ ਅਤੇ ਸਮੁੰਦਰ ਦੇ ਕੰਢੇ ਦੀ ਰੇਤ ਦੇ ਕਿਣਕਿਆਂ ਵਾਂਗ ਅਣਗਿਣਤ ਹਨ। "ਵੱਡੀ ਕੌਮ" (ਦੁਨਿਆਵੀ ਇਸਰਾਏਲ) ਅਬਰਾਹਾਮ ਨੂੰ "ਪਿਤਾ" ਕਹਿੰਦਾ ਹੈ। ਅਬਰਾਹਾਮ ਦਾ ਨਾਮ ਦੁਨੀਆਂ ਭਰ ਵਿੱਚ ਬਹੁਤ ਆਦਰ ਦੇ ਯੋਗ ਹੈ।

ਬੇਸ਼ੱਕ, ਵਾਇਦੇ ਦਾ ਸਭ ਤੋਂ ਮਹੱਤਵਪੂਰਣ ਹਿੱਸਾ ਇਹ ਸੀ ਕਿ ਧਰਤੀ ਦੇ ਸਾਰੇ ਘਰਾਣੇ ਅਬਰਾਹਾਮ ਦੀ ਸੰਤਾਨ ਦੇ ਦੁਆਰਾ ਬਰਕਤ ਪਾਉਣਗੇ। ਪੌਲੁਸ ਨੇ ਗਲਾਤੀਆਂ 3:16 ਵਿੱਚ ਉਤਪਤ 22:18 ਦੇ ਵਾਇਦਿਆਂ ਦਾ ਜ਼ਿਕਰ ਕੀਤਾ ਹੈ: "ਹੁਣ ਅਬਰਾਹਾਮ ਅਤੇ ਉਸ ਦੀ ਅੰਸ ਨੂੰ ਬਚਨ ਦਿੱਤੇ ਗਏ ਸਨ। ਉਹ ਨਹੀਂ ਕਹਿੰਦਾ, 'ਅੰਸਾਂ ਨੂੰ,' ਜਿਵੇਂ ਬਾਹਲਿਆਂ ਦੇ ਲਈ ਪਰ ਜਿਵੇਂ ਇੱਕ ਦੇ ਲਈ ਕਹਿੰਦਾ ਹੈ ਅਰਥਾਤ 'ਤੇਰੀ ਅੰਸ ਨੂੰ,' ਸੋ ਉਹ ਮਸੀਹ (ਯਿਸੂ) ਹੈ।" ਮਸੀਹ (ਯਿਸੂ) ਆਇਆ ਸੀ। ਅਬਰਾਹਾਮ ਨਾਲ ਕੀਤੇ ਗਏ ਵਾਇਦਿਆਂ ਨੂੰ ਪੂਰਾ ਕੀਤਾ ਗਿਆ ਸੀ।

ਉਹ ਲੋਕ ਜੋ ਇਹ ਵਿਸ਼ਵਾਸ ਕਰਦੇ ਹਨ ਕਿ ਯਹੂਦੀ ਹੁਣ ਵੀ ਪਰਮੇਸ਼ੁਰ ਦੀ ਚੁਣੀ ਹੋਈ ਕੌਮ ਹੈ ਉਹ ਇਸ ਗੱਲ ਦਾ ਵਿਰੋਧ ਕਰਦੇ ਹਨ, "ਪਰ ਪਰਮੇਸ਼ੁਰ ਨੇ ਇਹ ਵੀ ਵਾਇਦਾ ਕੀਤਾ ਸੀ ਕਿ ਅਬਰਾਹਾਮ ਦੀ ਸੰਤਾਨ ਕਨਾਨ ਦੇ ਦੇਸ਼ ਤੇ ਕਬਜ਼ਾ ਕਰੇਗੀ-ਅਤੇ ਵਾਇਦਾ ਹੁਣ ਵੀ ਪ੍ਰਕਿਰਿਆ ਵਿੱਚ ਹੈ।" ਇਹ ਸੱਚ ਹੈ ਕਿ ਪਰਮੇਸ਼ੁਰ ਨੇ ਅਬਰਾਹਾਮ ਨੂੰ ਕਿਹਾ ਸੀ, "ਮੈਂ ਤੈਨੂੰ ਅਤੇ ਤੇਰੇ ਪਿੱਛੋਂ ਤੇਰੀ ਸੰਤਾਨ ਨੂੰ, ਸਾਰਾ ਕਨਾਨ ਦੇਸ਼, ਤੁਹਾਡੇ ਪਰਦੇਸ਼ੀ ਹੋਣ ਦੀ ਧਰਤੀ ਤੁਹਾਡੀ ਮਿਲਖ ਹੋਣ ਦੇ ਲਈ ਦਿਆਂਗਾ" (ਉਤਪਤ 17:8)।[64] ਇਹ ਵਾਇਦਾ ਇਸਹਾਕ ਅਤੇ ਯਾਕੂਬ ਨਾਲ ਦੁਹਰਾਇਆ ਗਿਆ ਸੀ (ਉਤਪਤ 26:3, 4; 28:13, 14; ਵੇਖੋ ਬਿਵਸਥਾ ਸਾਰ 34:1-4)। ਵਾਇਦੇ ਦੀ ਹੱਦ ਦੀ ਵਿਆਖਿਆ ਯਹੋਸ਼ੁਆ 1:4 ਵਿੱਚ ਕੀਤੀ ਗਈ ਹੈ: "ਉਜਾੜ ਅਤੇ ਏਸ ਲਬਾਨੋਨ ਤੋਂ ਲੈ ਕੇ ਵੱਡੀ ਨਦੀ ਤੀਕ ਜੋ ਫ਼ਰਾਤ[65] ਦੀ ਨਦੀ ਹੈ, ਹਿੱਤੀਆਂ ਦਾ ਸਾਰਾ ਦੇਸ ਸੂਰਜ ਦੇ ਲਹਿਣ ਦੇ ਪਾਸੇ ਵੱਡੇ ਸਮੁੰਦਰ [ਭੂ-ਮੱਧ ਸਾਗਰ] ਤੀਕ ਤੁਹਾਡੀ ਹੱਦ ਹੋਵੇਗੀ।"

ਕੀ ਪਰਮੇਸ਼ੁਰ ਨੇ ਆਪਣਾ ਵਾਇਦਾ ਪੂਰਾ ਕੀਤਾ ਸੀ? ਯਹੋਸ਼ੁਆ 21:43-45 ਵਿੱਚ, ਸਾਨੂੰ ਇਹ ਸੰਖੇਪ ਬਿਆਨ ਮਿਲਦੇ ਹਨ:

> ਸੋ ਯਹੋਵਾਹ ਨੇ ਇਸਰਾਏਲ ਨੂੰ ਉਹ ਸਾਰਾ ਦੇਸ ਦਿੱਤਾ ਜਿਹ ਦੇ ਦੇਣ ਦੀ ਸੌਂਹ ਉਨ੍ਹਾਂ ਦੇ ਪਿਉ ਦਾਦਿਆਂ ਦੇ ਨਾਲ ਖਾਧੀ ਸੀ ਅਤੇ ਉਨ੍ਹਾਂ ਨੇ ਉਸ ਉੱਤੇ ਕਬਜ਼ਾ ਕੀਤਾ ਅਤੇ ਉਸ ਵਿੱਚ ਵਾਸ ਕੀਤਾ . . . । ਉਨ੍ਹਾਂ ਸਾਰੇ ਚੰਗਿਆਂ ਬਚਨਾਂ ਵਿੱਚੋਂ ਜਿਹੜੇ ਯਹੋਵਾਹ ਨੇ ਇਸਰਾਏਲ ਦੇ ਘਰਾਣੇ ਨਾਲ ਕੀਤੇ ਇੱਕ ਬਚਨ ਵੀ ਰਹਿ ਨਾ ਗਿਆ, ਸਾਰੇ ਪੂਰੇ ਹੋਏ।

ਇਸਰਾਏਲ ਨੂੰ ਯਹੋਸ਼ੁਆ ਦੇ ਵਿਦਾਈ ਭਾਸ਼ਣ ਦੇ ਵਿੱਚ, ਉਸ ਨੇ ਕਿਹਾ, "ਤੁਸੀਂ ਆਪਣੇ ਸਾਰੇ ਮਨਾਂ ਵਿੱਚ ਅਤੇ ਆਪਣੀਆਂ ਸਾਰੀਆਂ ਜਾਨਾਂ ਵਿੱਚ ਜਾਣਦੇ ਹੋ ਭਈ ਏਹਨਾਂ ਸਾਰਿਆਂ ਚੰਗਿਆਂ ਬਚਨਾਂ ਵਿੱਚ ਇੱਕ ਬਚਨ ਵੀ ਨਾ ਰਹਿ ਗਿਆ ਜਿਹੜਾ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਡੇ ਵਿਖੇ

ਬੋਲਿਆ। ਓਹ ਸਾਰੇ ਤੁਹਾਡੇ ਲਈ ਪੂਰੇ ਹੋਏ। ਓਹਨਾਂ ਵਿੱਚੋਂ ਇੱਕ ਬਚਨ ਵੀ ਨਾ ਰਿਹਾ" (ਯਹੋਸ਼ੁਆ 23:14)।[66] ਕਈ ਸਾਲਾਂ ਦੇ ਬਾਅਦ, ਯਹੂਦੀਆਂ ਦੇ ਗੁਲਾਮੀ ਵਿੱਚੋਂ ਕਨਾਨ ਨੂੰ ਵਾਪਸ ਮੁੜਣ ਦੇ ਸਮੇਂ, ਜਦੋਂ ਉਨ੍ਹਾਂ ਪਰਮੇਸ਼ੁਰ ਦੀ ਮਹਿਮਾ ਕੀਤੀ, ਤਾਂ ਉਨ੍ਹਾਂ ਨੇ ਕਿਹਾ,

> ਤੂੰ ਉਹ ਯਹੋਵਾਹ ਪਰਮੇਸ਼ੁਰ ਹੈਂ, ਜਿਨ ਅਬਰਾਮ ਨੂੰ ਚੁਣਿਆ ਅਤੇ ਕਸਦੀਆਂ ਦੇ ਊਰ ਵਿੱਚੋਂ ਕੱਢ ਲਿਆਂਦਾ, ਅਤੇ ਤੂੰ ਉਸ ਦਾ ਨਾਮ ਅਬਰਾਹਾਮ ਰੱਖਿਆ। ਤੂੰ ਉਸ ਦਾ ਮਨ ਆਪਣੇ ਸਨਮੁਖ ਈਮਾਨ ਵਾਲਾ ਪਾਇਆ, ਅਤੇ ਉਸ ਨੇ ਉਸ ਦੇ ਨਾਲ . . . ਨੇਮ ਬੰਨਿਆ ਅਤੇ ਤੂੰ ਆਪਣੀਆਂ ਗੱਲਾਂ ਨੂੰ ਪੂਰਾ ਕੀਤਾ, ਕਿਉਂ ਜੋ ਤੂੰ ਧਰਮੀ ਹੈਂ (ਨਹਮਯਾਹ 9:7, 8)।

ਕੀ ਪਰਮੇਸ਼ਰ ਨੇ ਯਹੂਦੀਆਂ ਦੇ ਨਾਲ ਧਰਤੀ ਦਾ ਵਾਇਦਾ ਪੂਰਾ ਕੀਤਾ ਸੀ? ਹਾਂ, ਉਸ ਨੇ ਕੀਤਾ ਸੀ। ਕੀ ਉਸ ਨੂੰ ਸਦੀ ਦਰ ਸਦੀ ਆਪਣੇ ਵਾਇਦੇ ਦੇ ਪ੍ਰਤਿ ਵਫ਼ਾਦਾਰ ਰਹਿਣਾ ਚਾਹੀਦਾ ਹੈ? ਜੇਕਰ ਤੁਸੀਂ ਕਿਸੇ ਨਾਲ ਦਸ ਡਾਲਰ ਦੇਣ ਦਾ ਵਾਇਦਾ ਕੀਤਾ ਅਤੇ ਉਸ ਨੂੰ ਦੇ ਦਿੱਤੇ-ਅਤੇ ਫਿਰ ਉਸ ਨੇ ਉਹ ਡਾਲਰ ਗੁਆ ਲਏ ਹੋਣ ਤਾਂ ਕੀ ਹੋਵੇਗਾ? ਕੀ ਤੁਹਾਨੂੰ ਹੁਣ ਵੀ ਉਸ ਵਿਅਕਤੀ ਨੂੰ ਦਸ ਡਾਲਰ ਦੇਣੇ ਪੈਣੇ ਹਨ? ਨਹੀਂ-ਅਤੇ ਪਰਮੇਸ਼ੁਰ ਨੇ ਵੀ ਯਹੂਦੀਆਂ ਨੂੰ ਕੋਈ ਦੇਸ਼ ਨਹੀਂ ਦੇਣਾ ਹੈ। "ਉਨ੍ਹਾਂ ਸਾਰੇ ਚੰਗਿਆਂ ਬਚਨਾਂ ਵਿੱਚੋਂ ਜਿਹੜੇ ਯਹੋਵਾਹ ਨੇ . . . ਇਸਰਾਏਲ ਦੇ ਘਰਾਣੇ ਨਾਲ ਕੀਤੇ *ਇੱਕ ਬਚਨ ਵੀ* ਰਹਿ ਨਾ ਗਿਆ, *ਸਾਰੇ* ਪੂਰੇ ਹੋਏ।"

*ਇਸਰਾਏਲ ਨੇ ਕਿੱਥੇ ਗਲਤੀ ਕੀਤੀ।* ਰੋਮੀਆਂ 11:17-24 ਵਿੱਚ, ਪੌਲੁਸ ਨੇ ਜ਼ੈਤੂਨ ਦੇ ਦਰੱਖ਼ਤ ਦੀ ਉਦਾਹਰਣ ਨੂੰ ਵਰਤਿਆ ਹੈ ਅਤੇ ਕਿਹਾ ਹੈ ਕਿ ਬਹੁਤ ਸਾਰੇ ਯਹੂਦੀ "ਆਪਣੇ ਅਵਿਸ਼ਵਾਸ ਦੇ ਕਾਰਣ" ਦਰੱਖ਼ਤ ਨਾਲੋਂ "ਤੋੜੇ ਗਏ ਹਨ" (11:20)। ਆਓ ਇਸ ਗੱਲ ਦੀ ਵਿਆਖਿਆ ਕਰਨ ਦੇ ਲਈ ਇੱਕ ਆਧੁਨਿਕ ਉਦਾਹਰਣ ਤੇ ਗੌਰ ਕਰੀਏ ਕਿ ਇਸਰਾਏਲ ਕਿੱਥੇ ਗਲਤ ਹੋ ਗਿਆ ਸੀ: ਇੱਕ ਰੇਲ ਮਾਰਗ ਦੀ ਉਦਾਹਰਣ। ਬਹੁਤ ਸਾਰੀਆਂ ਉਦਾਹਰਣਾਂ ਦੇ ਸਮਾਨ, ਇਹ ਬਹੁਤ ਹੀ ਅਸਾਨ ਹੈ ਅਤੇ ਇਸ ਨੂੰ ਬਹੁਤ ਹੀ ਜ਼ਿਆਦਾ ਦਬਾਇਆ ਨਹੀਂ ਜਾ ਸਕਦਾ ਹੈ, ਪਰ ਸ਼ਾਇਦ ਇਹ ਉਸ ਗੱਲ ਨੂੰ ਸਮਝਾਉਣ ਦੇ ਵਿੱਚ ਮਦਦ ਕਰੇਗਾ ਕਿ ਕੀ ਹੋਇਆ ਸੀ।

ਮੰਨ ਲਵੋ ਇੱਕ ਰੇਲ ਮਾਰਗ ਅਬਰਾਹਾਮ ਤੋਂ ਅਨੰਤਤਾ ਨੂੰ ਜਾ ਰਿਹਾ ਹੈ। ਇਹ ਉਹ ਮਾਰਗ ਹੈ ਜਿਸ ਤੇ ਪਰਮੇਸ਼ੁਰ ਚਾਹੁੰਦਾ ਹੈ ਕਿ ਇਸਰਾਏਲ ਚੱਲੇ।

ਮਾਰਗ ਤੇ ਪਹਿਲਾ "ਸਟਾਪ" ਜਾਂ "ਸਟੇਸ਼ਨ" ਅਬਰਾਹਾਮ ਦੇ ਨਾਲ ਕੀਤੇ ਗਏ ਵਾਇਦੇ ਹਨ (ਉਤਪਤ 12:1-3; 22:17, 18; ਗਲਾਤੀਆਂ 3:16)। ਦੂਸਰਾ ਸਟਾਪ ਮੂਸਾ ਦੀ ਸ਼ਰਾ ਹੈ, ਜਿਸ ਨੂੰ "ਅਪਰਾਧਾਂ ਦੇ ਕਾਰਣ [ਵਾਇਦਿਆਂ ਦੇ ਨਾਲ] ਜੋੜਿਆ ਗਿਆ ਸੀ" (ਗਲਾਤੀਆਂ 3:19)। ਸ਼ਰਾ ਯਹੂਦੀਆਂ ਨੂੰ "ਮਸੀਹ" ਦੇ ਨਾਲ ਜੋੜਣ ਦੇ ਲਈ ਇੱਕ "ਉਸਤਾਦ" ਸੀ (ਗਲਾਤੀਆਂ 3:24)— ਸਾਡੀ ਉਦਾਹਰਣ ਦੀ ਸ਼ੁਰੂਆਤੀ ਮੰਜ਼ਿਲ।

ਜੇਕਰ ਯਹੂਦੀ "ਮਾਰਗ ਤੇ ਬਣੇ ਰਹਿੰਦੇ" ਤਾਂ ਉਹ ਮਸੀਹ ਨੂੰ ਮਸੀਹਾ ਦੇ ਰੂਪ ਵਿੱਚ ਸਵੀਕਾਰ ਕਰ ਲਿਆ ਹੁੰਦਾ (ਜੋ ਤੀਸਰਾ ਸਟਾਪ ਹੈ), ਉਸ ਦੀ ਮੌਤ ਦਾ ਲਾਭ ਉਠਾਇਆ ਹੁੰਦਾ (ਚੌਥਾ ਸਟਾਪ), ਅਤੇ ਮਸੀਹ ਦੇ ਰਾਜ ਦੇ ਨਾਗਰਿਕ ਬਣ ਗਏ ਹੁੰਦੇ-ਚਰਚ (ਪੰਜਵਾਂ ਸਟਾਪ)। ਉਨ੍ਹਾਂ ਨੇ ਮਸੀਹ ਦੇ "ਨਵੇਂ ਨੇਮ" ਨੂੰ ਜਿਸ ਦੀ ਭਵਿੱਖਬਾਣੀ ਪਹਿਲਾਂ ਤੋਂ ਹੀ ਯਿਰਮਿਯਾਹ ਨੇ ਕੀਤੀ ਸੀ ਗਲੇ ਲਗਾ ਲਿਆ ਹੁੰਦਾ (ਯਿਰਮਿਯਾਹ 31:31-34; ਵੇਖੋ ਇਬਰਾਨੀਆਂ 8:7-13)। ਫਿਰ, ਵਿਸ਼ਵਾਸ

ਦੇ ਦੁਆਰਾ ਜਿਉਣ ਦੇ ਦੁਆਰਾ, ਉਹ ਅੱਗੇ ਅਨੰਤ ਕਾਲ ਦੇ ਲਈ ਸਵਰਗ ਵਿੱਚ ਪਰਮੇਸ਼ੁਰ ਅਤੇ ਮਸੀਹ ਦੇ ਨਾਲ ਰਹਿਣ ਦੀ ਉਡੀਕ ਕਰ ਸਕਦੇ ਹਨ-ਜੋ ਅੰਤਿਮ ਮੰਜ਼ਿਲ ਹੈ।

ਉਹ ਯਹੂਦੀ ਕੌਮ ਦੇ ਲਈ ਪਰਮੇਸ਼ੁਰ ਦੀ ਯੋਜਨਾ ਅਤੇ ਉਦੇਸ਼ ਹੈ। ਪਰ, ਮਾਰਗ ਉੱਤੇ ਬਣੇ ਰਹਿਣ ਦੀ ਬਜਾਇ, ਜ਼ਿਆਦਾਤਰ ਯਹੂਦੀਆਂ ਨੇ ਯਿਸੂ ਦੇ ਮਸੀਹਾ ਹੋਣ ਨੂੰ ਰੱਦ ਦਿੱਤਾ। ਬੇਸ਼ੱਕ, ਉਨ੍ਹਾਂ ਨੇ ਸੋਚਿਆ ਕਿ ਉਹ ਹੁਣ ਵੀ ਮੁੱਖ ਮਾਰਗ ਤੇ ਹਨ, ਪਰ ਉਹ ਮੁੱਖ ਮਾਰਗ ਤੇ ਨਹੀਂ ਸਨ। ਉਨ੍ਹਾਂ ਨੇ ਅਵਿਸ਼ਵਾਸ ਦੀ ਪ੍ਰੇਰਣਾ ਦੀ ਲਾਈਨ ਤੇ ਠੋਕਰ ਖਾਧੀ ਸੀ (ਵੇਖੋ ਯੂਹੰਨਾ 8:24)।

ਪੁਰਾਣੇ ਨੇਮ ਦੇ ਸਮੇਂ ਵਿੱਚ, ਯਹੂਦੀਆਂ ਦੀ ਬਜਾਇ ਗੈਰ ਜਾਤੀਆਂ ਦੇ ਲੋਕ ਵੱਖਰੇ ਮਾਰਗ ਤੇ ਸਨ, ਪਰ ਉਹ ਖਤਮ ਹੋ ਗਿਆ ਜਦੋਂ ਮਸੀਹ ਨੇ ਮੂਸਾ ਦੀ ਸ਼ਰਾ ਦੀ ਰੁਕਾਵਟ ਨੂੰ ਤੋੜ ਦਿੱਤਾ ਸੀ (ਅਫ਼ਸੀਆਂ 2:14, 15)। ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਮਸੀਹ ਦੇ ਪਿੱਛੇ ਚੱਲਣ ਦੇ ਸੱਦੇ ਨੂੰ ਕਬੂਲ ਕਰ ਲਿਆ ਸੀ ਅਤੇ ਆਗਿਆਕਾਰੀ ਵਿਸ਼ਵਾਸ ਦੇ ਦੁਆਰਾ "ਮੁੱਖ ਮਾਰਗ" ਤੇ ਆ ਗਏ ਸਨ। (ਜਿਵੇਂ ਰੋਮੀਆਂ 11:17, 18, ਵਿੱਚ ਗੈਰ ਕੌਮਾਂ ਦੇ ਮਸੀਹੀਆਂ ਨੂੰ ਇਹ ਸਮਝਣ ਦੀ ਲੋੜ ਸੀ ਕਿ ਉਹ ਪਰਮੇਸ਼ੁਰ ਦੁਆਰਾ ਯਹੂਦੀਆਂ ਨੂੰ ਦਿੱਤੇ ਗਏ ਵਾਇਦਿਆਂ ਦਾ ਲਾਭ ਉਠਾ ਰਹੇ ਸਨ। ਸਾਡੀ ਉਦਾਹਰਣ ਦੇ ਵਿੱਚ, ਅਸੀਂ ਛੇਵੇਂ ਸਟਾਪ ਨੂੰ ਜੋੜ ਸਕਦੇ ਹਾਂ ਇਸ ਗੱਲ ਤੇ ਜ਼ੋਰ ਦੇਣ ਦੇ ਲਈ ਕਿ ਗੈਰ ਕੌਮਾਂ ਨੂੰ *ਇੰਜੀਲ* ਸੁਣਾਈ ਗਈ ਸੀ।)

ਬੇਸ਼ੱਕ, ਇੱਕ ਯਹੂਦੀ ਕਿਸੇ ਵੀ ਸਮੇਂ ਯਿਸੂ ਨੂੰ ਕਬੂਲ ਕਰਨ ਅਤੇ ਉਸ ਦੀ ਮਰਜ਼ੀ ਨੂੰ ਪੂਰਾ ਕਰਨ ਦੇ ਦੁਆਰਾ ਮੁੱਖ ਮਾਰਗ ਤੇ ਵਾਪਸ ਆ ਸਕਦਾ ਹੈ। ਪਰ ਅਫ਼ਸੋਸ ਦੀ ਗੱਲ ਹੈ, ਕਿ ਜ਼ਿਆਦਾਤਰ "ਅੱਜ ਦੇ ਦਿਨ ਤੱਕ" ਅਜਿਹਾ ਨਹੀਂ ਕੀਤਾ ਗਿਆ ਹੈ (11:8)।

*ਸਿੱਟਾ।* ਪੁਰਾਣੇ ਨੇਮ ਦੇ ਸਮੇਂ ਵਿੱਚ, ਭੌਤਿਕ ਇਸਰਾਏਲ ਪਰਮੇਸ਼ੁਰ ਦੇ "ਚੁਣਿਆ" (ਚੋਣ ਕੀਤਾ ਹੋਇਆ) ਰਾਸ਼ਟਰ ਸੀ। ਅੱਜ, ਜਦਕਿ, ਕਲੀਸੀਆ ਪਰਮੇਸ਼ੁਰ ਦਾ ਆਤਮਿਕ "ਇਸਰਾਏਲ" ਹੈ (ਗਲਾਤੀਆਂ 6:16)। ਮਸੀਹੀ ਪਰਮੇਸ਼ੁਰ ਦੀ "ਚੁਣੀ ਹੋਈ ਜਾਤੀ" ਹੈ (1 ਪਤਰਸ 2:9)।

## ਪਰਮੇਸ਼ੁਰ ਦੀ ਬੁੱਧੀ (11:33-36)

ਰੋਮੀਆਂ 11:33-36 ਵਚਨ ਬਿਵਸਥਾ ਸਾਰ 29:29 ਦੀ ਯਾਦ ਦਿਵਾਉਂਦਾ ਹੈ: "ਗੁਪਤ ਗੱਲਾਂ ਤਾਂ ਯਹੋਵਾਹ ਸਾਡੇ ਪਰਮੇਸ਼ੁਰ ਦੀਆਂ ਹਨ ਪਰ ਜਿਹੜੀਆਂ ਪਰਗਟ ਹਨ ਓਹ ਸਦਾ ਤੀਕ ਸਾਡੇ ਲਈ ਅਤੇ ਸਾਡੇ ਲਈ ਅਤੇ ਸਾਡੇ ਪੁੱਤ੍ਰਾਂ ਲਈ ਹਨ ਤਾਂ ਜੋ ਏਸ ਬਿਵਸਥਾ ਦੀਆਂ ਗੱਲਾਂ ਪੂਰੀਆਂ ਕਰਦੇ ਰਹੀਏ।" ਬਹੁਤ ਸਾਰੀਆਂ ਚੀਜ਼ਾਂ ਹਨ ਜੋ ਅਸੀਂ ਨਹੀਂ ਜਾਣਦੇ ਹਾਂ: "ਗੁਪਤ ਗੱਲਾਂ ਤਾਂ ਯਹੋਵਾਹ ਸਾਡੇ ਪਰਮੇਸ਼ੁਰ ਦੀਆਂ ਹਨ।" ਪਰ, ਪਰਮੇਸ਼ੁਰ ਨੇ ਕੁਝ ਸੱਚਾਈਆਂ ਨੂੰ ਸਾਡੇ ਉੱਤੇ ਪਰਗਟ ਕਰਨਾ ਉਚਿਤ ਸਮਝਿਆ।

ਰੋਮੀਆਂ ਅਧਿਆਇ 11 ਵਿੱਚ, ਅਸੀਂ ਉਨ੍ਹਾਂ ਵਿੱਚੋਂ ਕੁਝ "ਚੀਜ਼ਾਂ ਨੂੰ ਪਰਗਟ" ਹੁੰਦਾ ਵੇਖਦੇ ਹਾਂ:

ਪਰਮੇਸ਼ੁਰ ਕੋਲ ਯਹੂਦੀ ਅਤੇ ਗੈਰ ਯਹੂਦੀ ਦੋਨਾਂ ਨੂੰ ਬਚਾਉਣ ਦੀ ਇੱਕ ਯੋਜਨਾ ਹੈ।

ਪਰਮੇਸ਼ੁਰ ਸਾਰਿਆਂ ਨੂੰ ਬਚਾਉਣਾ ਚਾਹੁੰਦਾ ਹੈ।

ਪਰਮੇਸ਼ੁਰ ਸਭਨਾਂ ਤੇ ਦਯਾ ਦਿਖਾਉਣਾ ਚਾਹੁੰਦਾ ਹੈ।

ਅਸੀਂ ਪਰਮੇਸ਼ੁਰ ਨੂੰ ਕਦੀ ਵੀ ਆਪਣਾ ਕਰਜ਼ਦਾਰ ਨਹੀਂ ਬਣਾ ਸਕਦੇ ਹਾਂ; ਸਾਨੂੰ ਉਸ ਦੀ

ਕਿਰਪਾ ਤੇ ਭਰੋਸਾ ਕਰਨਾ ਚਾਹੀਦਾ ਹੈ।
ਸਾਡਾ ਪਰਮੇਸ਼ੁਰ ਇੰਨਾ ਅਦਭੁਤ ਹੈ ਕਿ ਉਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ ਹੈ।

---

## ਟਿੱਪਣੀਆਂ

[1]ਯਹੂਦੀਪਣ ਦੇ ਬਾਰੇ ਪੌਲੁਸ ਦੇ ਬਿਆਨ ਨੂੰ ਵੇਖਣ ਦਾ ਇੱਕ ਹੋਰ ਤਰੀਕਾ JB ਵਿੱਚ ਝਲਕਦਾ ਹੈ: "ਮੈਂ, ਇੱਕ ਇਸਰਾਏਲੀ, ਬਿਨਯਾਮੀਨ ਦੇ ਗੋਤ ਵਿੱਚੋਂ ਅਬਰਾਹਾਮ ਦੀ ਸੰਤਾਨ, ਇਸ ਗੱਲ ਦੇ ਨਾਲ ਕਦੇ ਸਹਿਮਤ ਨਹੀਂ ਹੋ ਸਕਦਾ ਹਾਂ ਕਿ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਰੱਦ ਦਿੱਤਾ ਹੈ।" ਪਰ, ਟਿੱਪਣੀਕਾਰਾਂ ਦੀ ਇੱਕ ਬਹੁਗਿਣਤੀ ਇੱਥੇ ਦਿੱਤੀ ਗਈ ਮੇਰੀ ਵਿਆਖਿਆ ਨਾਲ ਸਹਿਮਤ ਹਨ। [2]ਯੂਨਾਨੀ ਸ਼ਬਦ ਜਿਸਦਾ ਅਨੁਵਾਦ ਰਸੂਲਾਂ ਦੇ ਕਰਤੱਬ 21:20 ਵਿੱਚ "ਹਜ਼ਾਰਾਂ" ਕੀਤਾ ਗਿਆ ਹੈ ਉਸ ਦਾ ਅਸਲੀ ਅਰਥ "ਦਸ ਹਜ਼ਾਰ" ਹੈ। ਸ਼ਾਬਦਿਕ ਰੂਪ μυριάς (*ਮੁਰੀਆਸ*), ਜਿਸ ਤੋਂ ਅੰਗ੍ਰੇਜ਼ੀ ਸ਼ਬਦ "ਮਿਰਿਅੱਡ" "ਅਣਗਿਣਤ" ਨਿਕਲਿਆ ਹੈ। [3]ਡਬਲਿਯੂ. ਈ. ਵਾਇਨ, ਮੈਰਿਲ ਐੱਫ਼. ਅੰਗਰ, ਅਤੇ ਵਿਲੀਅਮ ਵਾਇਟ, ਜੂਨੀਅਰ, *ਵਾਇਨਸ ਕੰਪਲੀਟ ਐਕਸਪੋਜ਼ਟੋਰੀ ਡਿਕਸ਼ਨਰੀ ਆਫ਼ ਓਲਡ ਐਂਡ ਨਿਊ ਟੈਸਟਾਮੈਂਟ ਵਰਡਸ* (ਨੈਸ਼ਵਿਲ: ਥੋਮਸ ਨੈਲਸਨ ਪਬਲਿਸ਼ਰਜ਼, 1985), 522. [4]ਰੋਮੀਆਂ 9:27 ਵਿੱਚ, ਜਿਸ ਸ਼ਬਦ ਦਾ ਅਨੁਵਾਦ "ਬਕੀਆ" ਹੈ ਉਹ ὑπόλειμμα (*ਹੁਪੋਲੇਈਮਾ*) ਹੈ। ਇਹ ਮਿਸ਼ਰਤ ਸ਼ਬਦ ਬਕੀਏ ਦੇ ਛੋਟੇਪਣ ਤੇ ਜ਼ੋਰ ਦੇਣ ਲਈ ਵਰਤਿਆ ਗਿਆ ਸੀ। ਇਹ ਅਗੇਤਰ ὑπό (*ਹੁਪੋ,* "ਅਧੀਨ") ਦੇ ਨਾਲ *ਲੇਈਮਾ* ਨੂੰ ਜੋੜਦਾ ਹੈ। [5]ਸ਼ਬਦ "ਬਕੀਆ" NASB ਵਿੱਚ ਚੁਰਾਸੀ ਵਾਰ ਪ੍ਰਗਟ ਹੋਇਆ ਹੈ। ਇਹ ਯਸਾਯਾਹ ਦੀ ਕਿਤਾਬ ਵਿੱਚ ਸਭ ਤੋਂ ਜ਼ਿਆਦਾ ਵਾਰ ਮਿਲਦਾ ਹੈ। [6]ਪਰਕਾਸ਼ ਦੀ ਪੋਥੀ 12:17 (KJV) ਵਿੱਚ, "ਬਕੀਆ" ਸ਼ਬਦ ਦਾ ਅਨੁਵਾਦ λοιπός (*ਲੋਈਪੋਸ*), ਤੋਂ ਕੀਤਾ ਗਿਆ ਹੈ, ਜੋ ਸ਼ਬਦਾਂ ਦੇ ਉਸੇ ਪਰਿਵਾਰ ਤੋਂ ਹੋ ਜਿਵੇਂ *ਲੇਈਮਾ* ਹੈ। ਦੋਵੇਂ "ਅਕਿਨ ਤੋਂ ਲੇਈਪੋ, ਛੱਡਣ ਲਈ" (ਵਾਇਨ, 522) ਹਨ। ਕਈ ਵਾਰ ਸ਼ਬਦ *ਲਿਓਪਾਸ* ਸ਼ਬਦ *ਲੇਈਮਾ* ਦਾ ਸਮਾਨਾਰਥੀ ਹੁੰਦਾ ਹੈ; ਕਈ ਵਾਰ ਨਹੀਂ। ਪਰਕਾਸ਼ ਦੀ ਪੋਥੀ 12:17 ਵਿੱਚ, NASB *ਲੋਈਪੋਸ* ਦਾ ਅਨੁਵਾਦ "ਬਾਕੀ" ਦੇ ਵਾਂਗ ਕਰਦਾ ਹੈ। [7]ਐੱਫ਼. ਐੱਫ਼. ਬਰੂਸ, *ਦ ਲੈਟਰ ਆਫ਼ ਪਾੱਲ ਟੂ ਰੋਮਨਜ਼,* ਦੂਸਰੀ ਜਿਲਦ, ਦ ਟਿੰਡਲ ਨਿਊ ਟੇਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1985), 201. [8]"ਫਿਰਊਨ ਮਨ ਦੀ ਕਠੋਰਤਾ ਦੇ ਲਈ ਇੱਕ ਵੱਖਰਾ ਸ਼ਬਦ (*ਸਕਲੇਰੀਨੋ*) 9:18 ਵਿੱਚ ਇਸਤੇਮਾਲ ਕੀਤਾ ਗਿਆ ਹੈ, ਪਰ ਉਸ ਦਾ ਅਰਥ ਪੋਰੂ ਨਾਲੋਂ ਜ਼ਿਆਦਾ ਵੱਖਰਾ ਨਹੀਂ ਹੈ [11:7 ਵਿੱਚ]" (ਉਸੇ ਸਥਾਨ ਤੇ, ਨੰਬਰ. 1)। [9] *ਦ ਐਨਾਲਿਟਿਕ ਗ੍ਰੀਕ ਲੈਕਸੀਕਨ* (ਲੰਡਨ: ਸਮੂਏਲ ਬੈਗਸਟਰਸ ਐਂਡ ਸਨਜ਼, 1971), 181. [10]ਵਾਇਨ, 332-33, 693. ਸ਼ਬਦ "ਸਰਗਰਮ" ਦੇ ਅਰਥ ਦੀ ਇੱਕ ਉਦਾਹਰਣ ਦੇ ਲਈ, ਵੇਖੋ ਗਲਾਤੀਆਂ 4:17 (KJV)।

[11]ਉਸੇ ਸਥਾਨ ਤੇ, 332-33. [12]ਉਸੇ ਸਥਾਨ ਤੇ, 259. [13]ਆਇਤ 12 ਵਿੱਚ, NASB ਵਿੱਚ "ਹੈ" (ਵਰਤਮਾਨ ਕਾਲ) ਦੋ ਵਾਰ ਅਤੇ ਫਿਰ "ਹੋਵੇਗਾ . . ." (ਭਵਿੱਖ ਕਾਲ) ਇੱਕ ਵਾਰ ਪਾਇਆ ਗਿਆ ਹੈ। [14]ਆਰ. ਸੀ. ਐੱਚ. ਲੇਨਸਕੀ, *ਦ ਇੰਟਰਪ੍ਰੀਟੇਸ਼ਨ ਆਫ਼ ਸੈਂਟ ਪਾੱਲਸ ਐਪਿਸਟਲ ਟੂ ਰੋਮਨਜ਼* (ਮਿਨੀਐਪੋਲਿਸ: ਔੱਗਸਬਰਗ ਪਬਲਿਸ਼ਿੰਗ ਕੰਪਨੀ, 1963), 695. [15]ਯੂਨਾਨੀ ਪਾਠ ਵਿੱਚ ਆਇਤ 15 ਵਿੱਚ ਕੋਈ ਕਿਰਿਆ ਨਹੀਂ ਹੈ, ਇਸ ਲਈ ਕਿਰਿਆ ਅਨੁਵਾਦਕਾਂ ਦੇ ਦੁਆਰਾ ਪਾਈਆਂ ਜਾਣੀਆਂ ਚਾਹੀਦੀਆਂ ਹਨ। ਕੁਝ "ਹੋਵੇਗਾ . . ." ਸ਼ਬਦ ਦਾ ਇਸਤੇਮਾਲ ਕਰਦੇ ਹਨ ਤਾਂ ਕਿ ਇਸ ਆਇਤ ਨੂੰ ਅਨੁਮਾਨਯੋਗ ਭਵਿੱਖਬਾਣੀ ਬਣਾਇਆ ਜਾ ਸਕੇ, ਪਰ ਇੱਥੇ ਕੋਈ ਸੰਕੇਤ ਨਹੀਂ ਹੈ ਕਿ ਪੌਲੁਸ ਨੇ ਇੱਥੇ ਭਵਿੱਖ ਵਿੱਚ ਯਹੂਦੀਆਂ ਦੇ ਇਕੱਠੇ ਬਦਲਣ ਦੀ ਭਵਿੱਖਵਾਣੀ ਕੀਤੀ ਹੋਏ। ਅਨੁਵਾਦਕ "ਹੋਵੇਗਾ . . ." ਦੀ ਬਜਾਇ "ਹੈ" ਦਾ ਵੀ ਇਸਤੇਮਾਲ ਕਰ ਸਕਦੇ ਹਨ। [16]ਲੀਓਨ ਮੌਰਿਸ, *ਦ ਐਪਿਸਟਲ ਟੂ ਦ ਰੋਮਨਜ਼* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 411. ਮੌਰਿਸ ਨੇ ਇਹ ਫੁੱਟ ਨੋਟ ਜੋੜਿਆ ਹੈ: "ਪੌਲੁਸ ਕੋਲ ζωή ἐκ νεκρῶν ਹੈ, ਪਰ ਆਖਰੀ ਜੀ ਉੱਠਣਾ ἀνάστασις νεκρῶν ਦੇ ਰੂਪ ਵਿੱਚ ਬੋਲਿਆ ਜਾਂਦਾ ਹੈ (1 ਕੁਰਿੰਥੀਆਂ 15:12 ਆਦਿ)" (ਨੰਬਰ. 69)। [17]ਵਾਲਟਰ ਡਬਲਿਯੂ. ਵੈੱਸਲ, ਨੋਟਸ ਆਨ ਰੋਮਨਜ਼, ਦ *NIV ਸਟੱਡੀ ਬਾਈਬਲ,* ਸੰਪਾ. ਕੇਨੇਥ ਬਾਰਕਰ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡੇਰਵਨ ਪਬਲਿਸ਼ਿੰਗ ਹਾਊਸ, 1985), 1723. [18]ਵਿਲੀਅਮ ਹੈਂਡਰਿਕਸੇਨ, *ਐਕਸਪੋਜ਼ੀਸ਼ਨ ਆਫ਼ ਪੌਲਸ ਦ ਐਪਿਸਟਲਸ ਟੂ ਦ ਰੋਮਨਜ਼,* ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1981), 370.

[19]ਕੁਝ ਲੇਖਕ ਇਸਦਾ ਉਲੇਖ ਇੱਕ "ਦ੍ਰਿਸ਼ਟਾਂਤ," ਦੇ ਰੂਪ ਵਿੱਚ ਕਰਦੇ ਹਨ, ਜਦਕਿ ਦੂਸਰੇ ਇਸ ਸ਼ਬਦ ਨੂੰ "ਰੂਪਕ" ਦੇ ਰੂਪ ਵਿੱਚ ਪਸੰਦ ਕਰਦੇ ਹਨ। [20]ਪੁਰਾਤਨ ਲੇਖਕਾਂ ਦੇ ਅਨੁਸਾਰ, ਇਹ ਕਦੀ ਕਦੀ ਕਾਸ਼ਤ ਦੇ ਰੁੱਖ ਨੂੰ ਸੁਰਜੀਤ ਜਾਂ ਉਤੇਜਿਤ ਕਰਨ ਦੇ ਲਈ ਕੀਤਾ ਗਿਆ ਸੀ।

[21]ਮੌਰਿਸ, 414. [22]*ਦ ਐਨਾਲਿਟਿਕ ਗ੍ਰੀਕ ਲੈਕਸੀਕਨ,* 421. [23]"ਉੱਚ" ਦੇ ਲਈ ਰੋਮੀਆਂ 12:3 ਵਿੱਚ ਰੋਮੀਆਂ 11:20 ਨਾਲੋਂ ਇੱਕ ਵੱਖਰਾ ਸ਼ਬਦ ਵਰਤਿਆ ਗਿਆ ਹੈ, ਪਰ ਬੁਨਿਆਦੀ ਸਿੱਖਿਆ ਇੱਕ ਹੀ ਹੈ। [24]ਸਾਨੂੰ ਅੱਗ ਤੋਂ ਇੰਨਾ ਡਰਨ ਦੀ ਲੋੜ ਤਾਂ ਹੈ ਕਿ ਅਸੀਂ ਆਪਣੇ ਹੱਥਾਂ ਨੂੰ ਜ਼ਿਆਦਾ ਦੇਰ ਤਕ ਅੱਗ 'ਤੇ ਨਾ ਰੱਖੀਏ-ਪਰ ਇੰਨਾ ਜ਼ਿਆਦਾ ਡਰ ਵੀ ਠੀਕ ਨਹੀਂ ਹੈ ਕਿ ਅਸੀਂ ਅੱਗ ਦੇ ਨੇੜੇ ਹੀ ਨਾ ਜਾਈਏ (ਨਕਾਰਾ ਕਰ ਦੇਣ ਵਾਲਾ ਡਰ)। [25]ਸਲੀਬ ਨੇ ਪਰਮੇਸ਼ੁਰ ਦੀ ਦਿਆਲਗੀ (ਪ੍ਰੇਮ) ਨੂੰ ਪਰਗਟ ਕੀਤਾ ਹੈ ਜਦਕਿ ਪਰਮੇਸ਼ੁਰ ਦੀ (ਨਿਆਂ) ਕਰੜਾਈ ਨੂੰ ਸੰਤੁਸ਼ਟ ਕੀਤਾ ਹੈ। [26]ਵੈੱਸਲ, 1723. [27]ਡੱਗਲਸ ਜੇ. ਮੂ, *ਰੋਮਨਜ਼,* ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡੇਰਵਨ ਪਬਲਿਸ਼ਿੰਗ ਹਾਊਸ, 2000), 368. [28]ਹੈਂਡਰਿਕਸਨ, 376. [29]ਬਰੂਸ, 205. [30]ਅਮਰੀਕਾ ਵਿੱਚ ਮੁੜ ਬਹਾਲੀ ਦੀ ਲਹਿਰ ਦੇ ਤੇਜ਼ੀ ਨਾਲ ਫੈਲਣ ਨੇ ਕੁਝ ਲੋਕਾਂ ਨੂੰ ਬਹੁਤ ਹੀ ਜ਼ਿਆਦਾ ਆਸ਼ਾਵਾਦੀ ਬਣਾ ਦਿੱਤਾ। ਉਹ ਆਸਾਨੀ ਦੇ ਨਾਲ ਵਿਸ਼ਵਾਸ ਕਰ ਸਕਦੇ ਹਨ ਕਿ ਭਵਿੱਖ ਵਿੱਚ ਗੈਰ ਕੌਮਾਂ ਅਤੇ ਯਹੂਦੀਆਂ ਵਿੱਚੋਂ ਇੱਕ ਬਹੁਤ ਵੱਡੀ ਸੰਖਿਆ ਵਿੱਚ ਲੋਕ ਸੁਸਮਾਚਾਰ ਦਾ ਪਾਲਣ ਕਰਣਗੇ।

[31]ਵਾਇਨ, 424. [32]ਹੈਂਡਰਿਕਸਨ, 378. [33]ਹਜ਼ਾਰ ਵਰ੍ਹੇ ਦੇ ਰਾਜ ਦੀ ਵਧੇਰੇ ਜਾਣਕਾਰੀ ਦੇ ਲਈ, ਵੇਖੋ ਡੇਵਿਡ ਐੱਲ. ਰੋਪਰ, *ਰੇਵਲੇਸ਼ਨ 1-11,* ਟਰੁਥ ਫਾਰ ਟੂਡੇ ਕਮੈਂਟਰੀ (ਸਰਸੀ, ਆਰਕਾਨਸਾਸ: ਰਿਸੋਰਸ ਪਬਲਿਕੇਸ਼ੰਨਜ਼, 2002): 14-19. [34]ਹੇਂਡਰਿਕਸਨ, 379. [35]ਮੌਰਿਸ, 418. [36]ਜਿਮ ਮੈਕਗੁਗੈਨ, *ਦ ਬੁੱਕ ਆੱਫ਼ ਰੋਮਨਜ਼,* ਲੁਕਿੰਗ ਇਨਟੂ ਦ ਬਾਈਬਲ ਸੀਰੀਜ਼ (ਲੱਬਾਕ, ਟੈਕਸਾਸ: ਮੋਨਟੈਕਸ ਪਬਲਿਸ਼ਿੰਗ ਕੰਪਨੀ, 1982), 286-87. [37]ਕੁਝ ਅਨੁਵਾਦਕਾਂ ਨੇ ਰੋਮੀਆਂ 11:12 ਅਤੇ 11:25 ਦੋਵਾਂ ਵਿੱਚ "ਪੂਰੀ ਗਿਣਤੀ" ਰੱਖੀ ਹੈ, ਪਰ ਇਹ ਨਿਯਮ ਨਾ ਹੋ ਕੇ ਅਪਵਾਦ ਹਨ। [38]*ਪਲੇਰੋਮਾ* ਤੇ ਇੱਕ ਜਾਂ ਦੋ ਹੋਰ ਵਿਚਾਰ ਮਦਦਗਾਰ ਹੋ ਸਕਦੇ ਹਨ। ਰੋਮੀਆਂ ਦੀ ਪੂਰੀ ਪੱਤ੍ਰੀ ਵਿੱਚ *ਪਲੇਰੋਮਾ* ਦਾ ਕਿਰਿਆ ਅਤੇ ਨਾਂਵ ਰੂਪ ਇਸਤੇਮਾਲ ਹੋਇਆ ਹੈ (ਉਦਾਹਰਣ ਦੇ ਲਈ, ਵੇਖੋ 1:29; 8:4; 13:8, 10; 15:13, 14, 29), ਅਤੇ "ਇੱਕ ਨਿਸ਼ਚਤ ਸੰਖਿਆ" ਜਾਂ "ਠਹਿਰਾਈ ਹੋਈ ਗਿਣਤੀ" ਦੀ ਧਾਰਣਾ ਇਨ੍ਹਾਂ ਵਿੱਚੋਂ ਕਿਸੇ ਵਿੱਚ ਵੀ ਸ਼ਾਮਲ ਨਹੀਂ ਹੈ। ਹਾਲਾਂਕਿ, ਕੁਝ ਲੇਖਕ ਪਲੋਰਮਾ ਦਾ ਪ੍ਰਯੋਗ ਇਸ ਅਰਥ ਦੇ ਨਾਲ ਕਰਦੇ ਹਨ "ਉਨ੍ਹਾਂ ਲੋਕਾਂ ਦੀ ਸੰਪੂਰਣ ਸੰਖਿਆ ਜੋ ਬਚਾਏ ਜਾਣਗੇ," ਇਸ ਨਾਲ ਜ਼ੋਰ ਦੇ ਨਾਲ: "ਪਰਮੇਸ਼ੁਰ ਹਰ ਇੱਕ ਨੂੰ ਜਿਸ ਨੂੰ ਬਚਾਇਆ ਜਾਣਾ ਚਾਹੀਦਾ ਹੈ ਬਚਾਵੇਗਾ; ਉਹ ਕਿਸੇ ਇੱਕ ਨੂੰ ਵੀ ਨਹੀਂ ਛੱਡੇਗਾ।" ਸਾਨੂੰ *ਪਲੇਰੋਮਾ* ਦੀ ਇਸ ਆਮ, ਗੈਰ-ਵਿਵਾਦਤ ਪਹੁੰਚ ਦੇ ਨਾਲ ਕੋਈ ਇਤਰਾਜ਼ ਨਹੀਂ ਹੈ। [39]ਸੀ. ਜੀ. ਵਿਲਕੇ ਅਤੇ ਵਿਲੀਬਾਲਡ ਗ੍ਰਿਮ, *ਏ ਗ੍ਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ,* ਅਨੁਵਾਦ ਅਤੇ ਸੋਧ ਜੋਸਫ਼ ਹੈਨਰੀ ਥਾਯਰ (ਏਡਿਨਬਰਗ: ਟੀ. ਐਂਡ ਕਲਾਰਕ, ਦੁਬਾਰਾ ਛਾਪਣਾ, 1901; ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1977), 468. NCV ਵਿੱਚ "ਇਹ ਇਸ ਪ੍ਰਕਾਰ ਹੈ," ਜਦਕਿ SEB ਅਤੇ McCord ਵਿੱਚ "ਇਸ ਤਰੀਕੇ ਦੇ ਨਾਲ" ਹੈ। [40]ਬਰੂਸ, 209; ਮੌਰਿਸ, 420.

[41]ਜੌਨ ਆਰ. ਡਬਲਿਯੂ. ਸਟੋਟ, *ਦ ਮੈਸਜ ਆਫ. ਰੋਮਨਜ਼: ਗੌਡਜ਼ ਗੁਡ ਨਿਊਜ਼ ਫ਼ਾਰ ਦ ਵਰਲਡ* ਦ ਬਾਈਬਲ ਸਪੀਕਸ ਟੂਡੇ (ਡਾਊਨਰਸ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1994), 304 (ਜ਼ੋਰ ਦਿੱਤਾ ਗਿਆ ਹੈ)। [42]ਮੂ, 385. [43]ਰੋਮੀਆਂ 11:20 ਵਿੱਚ, ਪੌਲੁਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਯਹੂਦੀ ਲੋਕ *ਅਵਿਸ਼ਵਾਸ* ਦੇ ਕਾਰਣ ਪਰਮੇਸ਼ੁਰ ਦੀਆਂ ਬਰਕਤਾਂ ਤੋਂ ਵਾਂਝੇ ਹਨ। ਇੱਥੇ, ਰਸੂਲ ਨੇ ਕਿਹਾ ਕਿ ਇਹ *ਅਣਆਗਿਆਕਾਰੀ* ਦੇ ਕਾਰਣ ਹੋਇਆ ਸੀ। ਇੱਕ ਵਾਰ ਫਿਰ, ਪੌਲੁਸ ਨੇ ਇੱਕ ਦੂਜੇ ਦੇ ਸਥਾਨ ਤੇ ਵਿਸ਼ਵਾਸ ਅਤੇ ਆਗਿਆਕਾਰੀ ਦੀਆਂ ਧਾਰਨਾਵਾਂ ਨੂੰ ਇਸਤੇਮਾਲ ਕੀਤਾ ਹੈ। [44]ਰੋਨਾਲਡ ਐਫ਼. ਯੰਗਬਲੱਡ ਸੰਪਾ, *ਨੈਲਸਨਜ਼ ਨਿਊ ਇਲੈਸਟ੍ਰੇਟਿਡ ਬਾਈਬਲ ਡਿਕਸ਼ਨਰੀ* (ਨੈਸ਼ਵਿਲ: ਨੈਲਸਨ, 1995), 822. [45]ਹੈਂਡਰਿਕਸਨ, 385. [46]ਸਟੋਟ, 307. [47]ਮੂ, 291. [48]"ਬੁੱਧ" ਅਤੇ "ਗਿਆਨ" ਦੇ ਫਰਕ ਦੇ ਬਾਰੇ ਬਹੁਤ ਸਾਰੇ ਸ਼ਬਦ ਲਿਖੇ ਜਾ ਸਕਦੇ ਹਨ।ਇਸ ਨੂੰ ਸਮਝਣ ਦਾ ਸਰਲ ਤਰੀਕਾ ਹੈ ਕਿ "ਗਿਆਨ" ਦਾ ਸੰਬੰਧ ਤੱਥਾਂ ਨੂੰ ਜਾਣਨਾ ਹੈ ਜਦਕਿ "ਬੁੱਧ" ਦਾ ਜ਼ਿਆਦਾ ਸੰਬੰਧ "ਸਹਿਜ ਗਿਆਨ" ਨਾਲ ਹੈ। [49]ਮੌਰਿਸ, 427 (ਜ਼ੋਰ ਦਿੱਤਾ ਗਿਆ ਹੈ)। [50]ਉਸੇ ਸਥਾਨ ਤੇ, 429.

[51]ਮੂ, 302. [52]ਆਰ. ਸੀ. ਬੈੱਲ, *ਸਟੱਡੀਜ਼ ਇਨ ਰੋਮਨਜ਼* (ਆਸਟਿਨ, ਟੈਕਸਾਸ: ਫਰਮ ਫਾਊਂਡੇਸ਼ਨ ਪਬਲਿਸ਼ਿੰਗ ਹਾਊਸ, 1957), 121. [53]ਰਿਚਰਡ ਏ. ਬੇਟੇ, *ਦ ਲੇਟਰ ਆਫ਼ ਪੌਲ ਟੂ ਦ ਰੋਮਨਜ਼,* ਦ ਲਿਵਿੰਗ ਵਰਲਡ ਕਮੈਂਟਰੀ (ਅੱਸਟਿਨ, ਟੈਕਸਾਸ: ਆਰ. ਬੀ. ਸਵੀਟ ਕੰਪਨੀ, 1969), 133-34. [54]ਮੰਦਭਾਗੀ ਗੱਲ ਹੈ, ਕੁਝ ਲੋਕ

ਆਪਣੇ ਮਨ ਵਿੱਚ ਇੰਨੇ ਕਠੋਰ ਹੋ ਗਏ ਹਨ ਕਿ "ਉਨ੍ਹਾਂ ਤੋਂ ਫਿਰ ਨਵੇਂ ਸਿਰਿਓਂ ਤੋਬਾ ਕਰਾਉਣੀ ਅਣਹੋਣੀ ਹੈ" (ਇਬਰਾਨੀਆਂ 6:6)। ਫਿਰ ਵੀ, ਪਰਮੇਸ਼ੁਰ ਉਨ੍ਹਾਂ ਦੇ ਬਾਰੇ ਚਿੰਤਤ ਰਹਿੰਦਾ ਹੈ (2 ਪਤਰਸ 3:9)। [55]ਵੇਖੋ ਅੱਯੂਬ 1:18, 19. [56]ਲੈਰੀ ਡੀਸਨ, *"ਦ ਰਾਇਟੱਸਨੈਸ ਆਫ਼ ਗੌਡਜ਼": ਐਨ ਇਨ-ਡੇਪਥ ਸਟੱਡੀ ਆਫ਼ ਰੋਮਨਜ਼,* ਸੋਧ ਅਤੇ ਸੰਪਾਦਨ (ਕਲਿਫਟਾੱਨ ਪਾਰਕ, ਨਿਊਯਾਰਕ: ਲਾਇਫ਼ ਕਮਿਊਨਿਕੇਸ਼ਨਜ਼, 1989), 265-66. [57]ਕੁਝ ਲੋਕਾਂ ਨੂੰ ਯਕੀਨ ਹੈ ਕਿ ਪੱਤ੍ਰੀ ਨੂੰ ਲਿਖਣ ਦਾ ਇਹ ਪੌਲੁਸ ਦਾ ਪ੍ਰਾਥਮਿਕ ਕਾਰਣ ਹੈ। [58]ਵਿਲੀਅਮ ਬਾਰਕਲੇ; ਰਾਬਰਟ ਜੇ. ਮੌਰਗਨ, *ਨੈਲਸਨਜ਼ ਕੰਪਲੀਟ ਬੁੱਕ ਆਫ਼ ਸਟੋਰੀਜ਼, ਇਲਸਟ੍ਰੇਸ਼ਨਜ਼, ਐਂਡ ਕੋਟਸ* (ਨੈਸ਼ਵਿਲ: ਥੋਮਸ ਨੈਲਸਨ ਪਬਲਿਸ਼ਰਜ਼, 2000), 633 ਵਿਚ ਦੁਹਰਾਇਆ ਗਿਆ। [59]ਸੀ. ਐਸ. ਲੂਇਸ, *ਮੀਅਰ ਕ੍ਰਿਸਚੈਨਟੀ* (ਨਿਊਯਾਰਕ: ਮੈਕਮਿਲਨ ਕੰਪਨੀ, 1952), 108-9. [60]NASB ਵਿੱਚ ਹੈ "ਨਾਸ਼ ਤੋਂ ਪਹਿਲਾਂ ਹੰਕਾਰ, ਅਤੇ ਡਿੱਗਣ ਤੋਂ ਪਹਿਲਾਂ ਘਮੰਡ ਆਉਂਦਾ ਹੈ।"

[61]ਆਈਜ਼ੈੱਕ ਵਾਟਸ, "ਵੈੱਨ ਆਈ ਸਰਓ ਦ ਓਂਡਰਸ ਕਰਾਸ," *ਸਾਂਗਸ ਆਫ਼ ਫ਼ੇਥ ਐਂਡ ਪ੍ਰੇਜ਼,* ਰਚਨਾ ਅਤੇ ਸੰਪਾ. ਐਲਟਨ ਐੱਚ. ਹਾਵਰਡ (ਵੈਸਟ ਮੁਨਰੋ, ਲੁਈਸਿਆਨਾ: ਹਾਵਰਡ ਪਬਲਿਸ਼ਿੰਗ ਕੰਪਨੀ, 1994)। [62]ਮੌਰਿਸ, 399. [63]ਮੈਕਗੁਗੈਨ, 317. [64]ਉਤਪਤ 17:8 ਕਹਿੰਦੀ ਹੈ ਕਿ ਧਰਤੀ "ਸਦਾ ਦੀ ਮਿਲਖ ਲਈ" ਦਿੱਤੀ ਜਾਣੀ ਸੀ। ਕੁਝ ਲੋਕ ਜ਼ੋਰ ਦਿੰਦੇ ਹਨ ਕਿ "ਅਨਾਦੀ ਕਾਲ" (עוֹלָם, *ਓਲਾਮ*) ਦਾ ਅਰਥ ਜ਼ਰੂਰ ਇਹ ਹੈ ਕਿ ਇਹ ਸ਼ਬਦ ਅੱਜ ਵੀ ਲਾਗੂ ਹੁੰਦੇ ਹਨ, ਪਰ "ਅਨਾਦੀ ਕਾਲ" ਦਾ ਅਰਥ "ਯੁੱਗ ਦਾ ਅੰਤ" ਵੀ ਹੋ ਸਕਦਾ ਹੈ। ਸਬਤ ਦਾ ਦਿਨ (*ਸੱਤਵੇਂ* ਦਿਨ) ਨੂੰ ਮੰਨਣ ਨੂੰ "ਸਦਾ ਦਾ ਨੇਮ" ਕਿਹਾ ਜਾਂਦਾ ਸੀ (ਲੇਵੀਆਂ 24:8); ਪਰ ਨਵੇਂ ਕਰਾਰ (ਨਵੇਂ ਨੇਮ) ਵਿੱਚ, ਮਸੀਹੀ ਲੋਕਾਂ ਦਾ "ਖਾਸ" ਦਿਨ ਹਫਤੇ ਦਾ *ਪਹਿਲਾ* ਦਿਨ ਹੈ (ਰਸੂਲਾਂ ਦੇ ਕਰਤੱਬ 20:7)। [65]ਸੁਲੇਮਾਨ ਅਤੇ ਦਾਊਦ ਦਾ ਰਾਜ ਉਸ "ਦਰਿਆ" ਤੱਕ ਸੀ, ਜਿਸ ਨੂੰ ਫ਼ਰਾਤ ਕਹਿੰਦੇ ਹਨ (2 ਸਮੂਏਲ 8:3; 1 ਰਾਜਿਆਂ 4:1, 24)। [66]ਯਹੋਸ਼ੁਆ ਨੇ ਇਸਰਾਏਲੀਆਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਨੇ ਉਸ ਨੇਮ ਨੂੰ ਨਾ ਮੰਨਿਆ ਜੋ ਉਨ੍ਹਾਂ ਨੇ ਪਰਮੇਸ਼ੁਰ ਦੇ ਨਾਲ ਕੀ ਬੰਨ੍ਹਿਆ ਹੈ (ਜੋ ਉਨ੍ਹਾਂ ਨੇ ਨਹੀਂ ਮੰਨਿਆ ਸੀ), ਤਾਂ ਉਹ ਉਸ ਚੰਗੀ ਧਰਤੀ ਤੋਂ ਜੋ ਉਨ੍ਹਾਂ ਨੂੰ ਦਿੱਤੀ ਗਈ ਸੀ ਛੇਤੀ ਹੀ ਨਾਸ਼ ਹੋ ਜਾਣਗੇ (ਯਹੋਸ਼ੁਆ 23:15, 16)।